# ਲੋਕਤਾ

ਨਵੰਬਰ - 1987

**November - 1987**

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਅਮਰਜੀਤ ਸੂਫੀ ਦੀ ਨਿੱਜੀ ਲਾਇਬ੍ਰੇਰੀ।

Price 25¢ Out of Greater Vancouver 50¢

ਮਾਸਿਕ

# ਲੋਕਤਾ

# The Lokta

**Monthly Magazine**

2nd class Mail Reg. No. 6794

ਨਵੰਬਰ 1987 VOL — 12 No. 2 November — 1987



ਤੁਰੇ ਨੇ ਕਤਲਗਾਹਾਂ ਨੂੰ, ਕਵਾਰੇ ਸੁਪਨਿਆਂ ਵਾਲੇ,
ਹੈ ਦਸਤਕ ਦੇ ਰਿਹਾ ਬੂਹੇ, ਨਵੀਂ ਵੰਗਾਰ ਦਾ ਮੌਸਮ।

( ਹਰਭਜਨ ਸਿੰਘ ਹੁੰਦਲ )

(1976 ਤੋਂ ਛਪਦਾ ਆ ਰਿਹਾ ਪੰਜਾਬੀ ਦਾ ਸਾਹਿਤਕ ਅਤੇ ਆਮ ਜਾਣਕਾਰੀ ਦੇਣ ਵਾਲਾ ਮਾਸਕ ਪੱਤਰ)

LOKTA BOARD

MANAGER

Harkewal S. Dhaliwal 588-4279

PUBLISHER

Piara Singh Basi
588-7573

EDITORIAL BOARD

'Soofi' Amarjit 581-7811
Surinder S. Sangha 588-5217
Mohinder S. Soomel 327-6461
Gurnam Singh Sanghera 325-1662

CIRCULATION

Jaspal S. Sandhu 596-6984

ADVERTISEMENT

Amarjit Chatha 325-8006

The
# Lokta

P.O.BOX 67534 STN. 'O'
VANCOUVER, B.C. V5W 3T9

Monthly Magazine — 2nd class Mail Reg. No. 6794

VOL — 12 No. 2 November ਨਵੰਬਰ — 1987

ਡਾਕ ਰਾਹੀਂ : ਸਾਲਾਨਾ ਚੰਦਾ 10 ਡਾਲਰ
ਮੁੱਲ - 25 ਸੈਂਟ

LOKTA REPRESENTATIVE

Ranjit S. Sandhu Williams Lake (392-7405)
Surinder S. Johal Edmonton (461-6073)
Nirmal S. Dhindsa Brampton (453-8149)
Lehamber S. Pooni Toronto (671-2296)
Rajinder S. Dhaliwal Winnipeg (633-5229)
Hardev S. Rai Calgary (293-3467)
Hakam S. Hans Prince Rupert (624-3284)
Surjit S. Bopanrai Quesnel (992-3849)

## ਕੀ ਕਿੱਥੇ ਹੈ ?


- ਮੈਮੋਰੈਂਡਮ — 6
- ਈਸਟ ਇੰ: ਵਰਕਰਜ਼ ਐਸੋ: ਮੀਟਿੰਗ ਦੀ ਰੀਪੋਰਟ — 8
- ਖਾਲਿਸਤਾਨ ਨਹੀਂ ਭਾਰਤ ਦੀ ਅਖੰਡਤਾ — 10
- ਕਾਮਨਵੈਲਥ ਕਾਨਫਰੰਸ — 11
- ਫਿਜੀ ਦੇ ਰਾਜ ਪਲਟੇ ਪਿਛੇ — 14
- ਰੂਪ ਨਾ ਰਹੀ — 15
- ਕਵਿਤਾਵਾਂ — 17
- ਪੰਜਾਬ ਦੇ ਮਸਲੇ ਦਾ ਹੱਲ — 18
- ਪਿੰਡ ਦਾ ਕਤਲ (ਕਹਾਣੀ) — 22
- ਅਕਤੂਬਰ ਇਨਕਲਾਬ — 24
- ਭਾਰਤ ਲੋਕ ਚੀਨ ਸਬੰਧ — 25
- 9 ਦਸੰਬਰ ਦਾ ਹੋ ਰਿਹਾ ਮੁਜ਼ਾਹਰਾ — 27
- ਵੈਨਕੂਵਰ ਵਿਚ ਬੇਸਮੈਂਟਾਂ —


## ਵਿਸ਼ੇਸ਼ ਲੇਖ


- ਕਾਮਰੇਡ ਸੁਰਜੀਤ ਦਾ "ਪੰਜਾਬ ਦੇ ਮਸਲੇ ਦਾ ਹੱਲ ਨਿਕਲੇਗਾ ?" ਵਿਸ਼ੇਸ਼ ਲੇਖ
- 9 ਦਸੰਬਰ ਨੂੰ ਖੱਬੀਆਂ ਸ਼ਕਤੀਆਂ ਵਲੋਂ ਕੀਤਾ ਜਾ ਰਿਹਾ ਮੁਜ਼ਾਹਰਾ


ਲੇਖਕ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ।

ਸੰਪਾਦਕੀ

# ਇਨਕਲਾਬ ਦਾ 70ਵੀਂ ਵਰ੍ਹੇ ਗੰਢ

7 ਨਵੰਬਰ 1987 ਨੂੰ ਸੋਵੀਅਤ ਯੂਨੀਅਨ ਮਹਾਨ ਅਕਤੂਬਰ **ਇਨਕਲਾਬ** ਦੀ 70ਵੀਂ ਵਰ੍ਹੇ ਗੰਢ ਮਨਾ ਰਿਹਾ ਹੈ। ਅਸਲ ਵਿਚ ਇਹ ਇਨਕਲਾਬ ਦਾ ਜਸ਼ਨ ਦੁਨੀਆਂ ਭਰ ਵਿਚ ਹੀ ਮਜ਼ਦੂਰ ਜਮਾਤ ਦੀਆਂ ਪਾਰਟੀਆਂ ਅਤੇ ਉਨ੍ਹਾਂ ਦੇ ਸਹਿਯੋਗੀ ਸਮਰਥਕ ਧੂੰਮ ਧਾਮ ਨਾਲ ਮਨਾ ਰਹੇ ਹਨ। ਮਹਾਨ ਲੈਨਿਨ ਦੀ ਅਗਵਾਈ ਵਿਚ ਇਹ ਇਨਕਲਾਬ ਸੰਸਾਰ ਦੇ ਦੱਬੇ ਕੁਚਲੇ ਲੋਕਾਂ ਅਤੇ ਕੌਮਾਂ ਲਈ ਇਕ ਚਾਨਣ ਮੁਨਾਰਾ ਸੀ। ਜਿਥੋਂ ਸੰਸਾਰ ਦੇ ਲੋਕਾਂ ਨੂੰ ਇਹ ਆਸ ਬੱਝੀ ਕਿ ਉਹ ਵੀ ਏਸੇ ਰਾਹ ਤੁਰ ਕੇ ਚੰਗੇਰੇ ਜੀਵਨ ਦਾ ਸੁਪਨਾ ਸਾਕਾਰ ਹੋਇਆ ਦੇਖ ਸਕਦੇ ਹਨ। ਇਸ ਲਈ ਅਕਤੂਬਰ ਇਨਕਲਾਬ ਦੀ ਇਕ ਕੌਮਾਂਤਰੀ ਵਰਤਾਰੇ ਵਜੋਂ ਵੱਡੀ ਮਹਾਨਤਾ ਸਮਝੀ ਗਈ ਅਤੇ ਸਮਝੀ ਜਾਂਦੀ ਹੈ।

ਜਿਸ ਮਾਰਕਸੀ-ਲੈਨਿਨੀ ਵਿਚਾਰਧਾਰਾ ਦੀ ਅਗਵਾਈ ਵਿਚ ਇਹ ਇਨਕਲਾਬ ਹੋਇਆ ਉਹ ਇਕ ਕੌਮਾਂਤਰੀ ਵਿਚਾਰਧਾਰਾ ਹੈ। ਜੋ ਕਿ ਹਰ ਦੇਸ਼ ਦੀਆਂ ਆਪਣੀਆਂ ਵਿਸ਼ੇਸ਼ ਹਾਲਤਾਂ ਮੁਤਾਬਕ ਵਿਗਿਆਨਕ ਢੰਗ ਨਾਲ ਲਾਗੂ ਕੀਤੀ ਜਾ ਸਕਦੀ ਹੈ। ਏਸੇ ਲਈ ਹੀ ਅੱਜ ਇਹ ਦੋ ਦਰਜਨ ਦੇ ਕਰੀਬ ਦੇਸ਼ਾਂ ਵਿਚ ਜੋ ਕਿ ਇਕ ਤਿਹਾਈ ਧਰਤੀ ਅਤੇ ਅੱਧੀ ਦੇ ਕਰੀਬ ਸੰਸਾਰ ਵਸੋਂ ਹੈ, ਵਿਚ ਜੇਤੂ ਹੋ ਨਿਕਲੀ ਹੈ। ਇਹ ਵਿਚਾਰਧਾਰਾ ਗਰੀਬੀ, ਬੇਰੁਜ਼ਗਾਰੀ, ਅਨਪੜ੍ਹਤਾ, ਪਛੜੇਪਨ ਭੁੜਾਂ, ਘਾਟਾਂ, ਬੀਮਾਰੀਆਂ ਆਦਿ ਵੱਡੇ ਸਮਾਜੀ ਰੋਗਾਂ ਲਈ ਇਕ ਸੰਜੀਵਨੀ ਬੂਟੀ ਹੈ। ਜਿਸ ਨੇ ਚੀਨ ਵਰਗੇ ਅਤੀ ਪਛੜੇ ਹੋਏ ਗਰੀਬ ਅਤੇ ਦੁਖੀ ਦੇਸ਼ ਨੂੰ ਨਰਕ ਵਿਚੋਂ ਕੱਢ ਕੇ ਇਕ ਸ਼ਕਤੀਸ਼ਾਲੀ ਦੇਸ਼ ਬਣਾ ਦਿੱਤਾ ਹੈ।

ਜਿਸ ਵੀ ਦੇਸ਼ ਵਿਚ ਮਾਰਕਸੀ-ਲੈਨਿਨੀ ਵਿਚਾਰਧਾਰਾ ਦਾ ਇਨਕਲਾਬੀ ਸੂਰਜ ਚੜ੍ਹਦਾ ਹੈ ਉਥੇ ਹੀ ਲੁਟੇਰਿਆਂ ਅਤੇ ਲੋਕ ਦੁਸ਼ਮਣਾਂ ਦੇ ਮਾਤਮੀ ਸਫਾਂ ਵਿਛ ਜਾਂਦੀਆਂ ਹਨ। ਲੋਕਾਂ ਦੀ ਕਾਂਗ ਅਗੇ ਲੁਟੇਰੇ ਹੁਣ ਇਕੱਲੇ ਖੜ ਨਹੀਂ ਸਕਦੇ, ਇਸ ਲਈ ਸੰਸਾਰ ਦੇ ਸਾਮਰਾਜੀ ਖਾਸ ਕਰਕੇ ਅਮਰੀਕਾ ਆਪਣੇ ਫੌਜੀ ਦਖਲ ਦੇ ਕੇ ਜਾਂ ਭਗੌੜਿਆਂ ਨੂੰ ਵਰਤ ਕੇ ਇਨਕਲਾਬਾਂ ਨੂੰ ਖਤਮ ਕਰਨ ਦਾ ਯਤਨ ਕਰ ਰਿਹਾ ਹੈ, ਜਿਵੇਂ ਕਿ ਨਿਕਾਰਾਗੂਆ, ਅਫਗਾਨਿਸਤਾਨ, ਕੰਪੋਚੀਆ ਆਦਿ ਵਿਚ ਕੀਤਾ ਜਾ ਰਿਹਾ ਹੈ।

ਭਾਰਤ ਵਿਚ ਕਾਂਗਰਸ ਪਾਰਟੀ ਦੇ ਸਰਮਾਏਦਾਰ ਜਾਗੀਰੂ ਰਾਜ ਦੇ ਪਿਛਲੇ ਚਾਲੀ ਸਾਲਾਂ ਵਿਚ ਲੋਕਾਂ ਨੇ ਜਿਨ੍ਹਾਂ ਮੁਸ਼ਕਲਾਂ ਵਿਚ ਫਸੇ ਹਨ, ਉਨ੍ਹਾਂ ਤੋਂ ਮੁਕਤ ਹੋਣ ਲਈ ਅੱਜ ਲੋਕ ਆਪਣਾ ਰੁਖ ਲੋਕ ਜਮਹੂਰੀ ਤਬਦੀਲੀ ਵਲ ਕਰ ਰਹੇ ਹਨ। ਪਰ ਇਸ ਤਬਦੀਲੀ ਨੂੰ ਰੋਕਣ ਲਈ ਭਾਰਤ ਦੇ ਲੋਕ ਵਿਰੋਧੀ ਹਾਕਮ ਅਤੇ ਸਾਮਰਾਜੀਆਂ ਦੀਆਂ ਸਾਜ਼ਸ਼ਾਂ ਨੂੰ ਸਿਰੇ ਚਾੜ੍ਹਨ ਵਾਲੇ ਹਰ ਤਰ੍ਹਾਂ ਦੇ ਫਿਰਕੂ, ਵੱਖਵਾਦੀ, ਵੰਡਵਾਦੀ, ਜਾਤੀਵਾਦੀ, ਇਲਾਕਾਪ੍ਰਸਤ ਸਮੇਤ ਨਕਸਲੀ ਮਾਅਰਕੇਬਾਜ਼ਾਂ ਦੇ ਸਾਰਾ ਟਿੱਲ ਲਾ ਰਹੇ ਹਨ ਕਿ ਲੋਕਾਂ ਦੀ ਏਕਤਾ ਨੂੰ ਖੇਰੂੰ ਖੇਰੂੰ ਕੀਤਾ ਜਾਵੇ। ਇਨ੍ਹਾਂ ਸਾਰੇ ਲੋਕ ਵਿਰੋਧੀ ਟੋਲਿਆਂ ਦੀ ਅਣਹੋਂਦ ਵਿਚ, ਅੱਜ ਸੀ. ਪੀ. ਆਈ. ਮਾਰਕਸਵਾਦੀ) ਦੀ ਅਗਵਾਈ ਵਿਚ ਅਕਤੂਬਰ ਇਨਕਲਾਬ ਵਰਗੀ ਇਕ ਜ਼ਬਰਦਸਤ ਲਹਿਰ ਜੇਤੂ ਹੋ ਸਕਦੀ ਸੀ, ਪਰ ਇਹ ਫਿਰਕੂ ਤੇ ਵੱਖਵਾਦੀ, ਕਾਂਗਰਸ ਹਾਕਮਾਂ ਦੇ ਰਾਜ ਦੀ ਉਮਰ ਲੰਬੀ ਕਰਨ ਵਿਚ ਸਹਾਈ ਹੋ ਰਹੇ ਹਨ। ਇਸ ਲਈ ਇਨ੍ਹਾਂ ਵਿਰੁਧ ਸੰਘਰਸ਼ ਕਰਕੇ, ਲੋਕਾਂ ਨੂੰ ਜਾਗਰਤ ਕਰਕੇ ਹੀ ਅਗੇ ਵਧਿਆ ਜਾ ਸਕਦਾ ਹੈ।

ਸੋਵੀਅਤ ਯੂਨੀਅਨ ਦੇ ਇਨਕਲਾਬ ਦੀ 70ਵੀਂ ਵਰ੍ਹੇ ਗੰਢ ਉਪਰ ਸੰਸਾਰ ਭਰ ਦੇ ਲੋਕ ਆਪਣੇ ਆਪਣੇ ਦੇਸ਼ਾਂ ਵਿਚ ਸੰਘਰਸ਼ ਕਰਦੇ ਹੋਏ ਆਪਣੇ ਹਾਕਮਾਂ ਵਿਰੁਧ ਏਕਾ ਅਤੇ ਲਾਮਬੰਦੀ ਕਰਦੇ ਹੋਏ ਅਗੇ ਵਧ ਰਹੇ ਹਨ।

ਏਸੇ ਸਮੇਂ ਕੈਨੇਡਾ ਵਿਚ ਬੀ ਸੀ ਦੇ ਸੂਬੇ ਵਿਚ ਸੋਕਰਡ ਸਰਕਾਰ ਲੋਕਾਂ ਦੇ ਅਦਾਰਿਆਂ ਨੂੰ ਸਰਮਾਏਦਾਰ-ਕਾਰਪੋਰੇਸ਼ਨਾਂ ਕੋਲ ਵੇਚਣ ਦੇ ਰਾਹ ਤੁਰ ਪਈ ਹੈ, ਜਿਸ ਕਾਰਨ ਲੋਕਾਂ ਉਪਰ ਹੋਰ ਮਹਿੰਗਾਈ ਦਾ ਬੋਝ ਪਵੇਗਾ। ਕੈਨੇਡਾ ਦੀ ਟੋਰੀ ਸਰਕਾਰ ਅਮਰੀਕਾ ਨਾਲ ਫਰੀ ਟਰੇਡ ਕਰਕੇ ਕੈਨੇਡਾ ਨੂੰ ਹੀ ਅਮਰੀਕਾ ਦੇ ਹਵਾਲੇ ਕਰਨ ਦੇ ਰਾਹ ਤੁਰ ਪਈ ਹੈ। ਇਨ੍ਹਾਂ ਸਭ ਹਮਲਿਆਂ ਦਾ ਲੋਕਾਂ ਨੂੰ ਮੁਕਾਬਲਾ ਕਰਨਾ ਜ਼ਰੂਰੀ ਹੈ।

ਅਸੀਂ ਮਹਾਨ ਅਕਤੂਬਰ ਇਨਕਲਾਬ ਦੇ ਆਗੂ ਕਾਮਰੇਡ ਲੈਨਿਨ ਅਤੇ ਉਨ੍ਹਾਂ ਤੋਂ ਪਿਛੋਂ ਸਮਾਜਵਾਦ ਦੇ ਉਸਰੱਈਏ ਅਤੇ ਦੂਜੀ ਸੰਸਾਰ ਜੰਗ ਵਿਚੋਂ ਜੇਤੂ ਹੋ ਨਿਕਲਣ ਵਾਲੇ ਆਗੂ ਕਾਮਰੇਡ ਸਟਾਲਿਨ ਅਤੇ ਉਨ੍ਹਾਂ ਦੇ ਸਾਰੇ ਸਹਿਯੋਗੀਆਂ ਨੂੰ ਸ਼ਰਧਾਂਜਲੀ ਅਰਪਨ ਕਰਦੇ ਹਾਂ। ਅਸੀਂ ਅਕਤੂਬਰ ਇਨਕਲਾਬ ਦੀ ਵਿਚਾਰਧਾਰਕ ਭਾਵਨਾ ਨਾਲ ਏਥੇ ਸਾਡੀ ਕਮਿਊਨਿਟੀ ਦੇ ਫਿਰਕੂ ਤੇ ਵੱਖਵਾਦੀ ਟੋਲਿਆਂ ਦਾ ਮੁਕਾਬਲਾ ਕਰਦਿਆਂ, ਏਕਤਾ ਉਸਾਰਨ ਦੇ ਯਤਨ ਕਰਦੇ ਹਾਂ। ਤਾਂ ਜੋ ਇਹ ਫਿਰਕੂ ਟੋਲੇ ਭਾਰਤ ਵਿਰੁਧ ਸਾਮਰਾਜੀ ਸਾਜ਼ਸ਼ਾਂ ਨਾ ਕਰ ਸਕਣ।

# ਫਰੀ ਟਰੇਡ ਅਤੇ ਫਾਰਮ ਵਰਕਰ

ਕੈਨੇਡਾ ਦੀ ਫੈਡਰਲ ਟੋਰੀ ਸਰਕਾਰ ਨੇ ਕੈਨੇਡਾ ਦੇ ਲੋਕਾਂ ਨੂੰ ਭਰੋਸੇ ਵਿਚ ਲਏ ਬਿਨਾਂ ਹੀ ਫਰੀ-ਟਰੇਡ ਦਾ ਸਮਝੌਤਾ ਅਮਰੀਕਾ ਨਾਲ ਕਰ ਲਿਆ ਹੈ। ਇਸ ਦੇ ਕੈਨੇਡਾ ਦੇ ਸਾਰੇ ਮਿਹਨਤੀ ਲੋਕਾਂ ਉਪਰ ਬੜੇ ਹੀ ਮਾਰੂ ਪ੍ਰਭਾਵ ਪੈਣੇ ਹਨ। ਇਸ ਨਾਲ ਲਗਪਗ ਦਸ ਲੱਖ ਤੋਂ ਵੱਧ ਕੰਮ ਕਰਨ ਵਾਲੇ ਲੋਕਾਂ ਨੇ ਬੇਰੁਜ਼ਗਾਰ ਹੋ ਜਾਣਾ ਹੈ।

ਭਾਵੇਂ ਇਸ ਸਮਝੌਤੇ ਦੇ ਕਾਰਨ, ਜਿਸ ਉਪਰ ਹਾਲੇ ਦਸਤਖਤ ਹੋਣੇ ਹਨ, ਹਰ ਪੱਖ ਹੀ ਇਸ ਦੀ ਮਾਰੂ ਲਪੇਟ ਵਿਚ ਆਵੇਗਾ, ਪ੍ਰੰਤੂ ਸਭ ਤੋਂ ਭੈੜਾ ਅਸਰ ਕੈਨੇਡਾ ਦੇ ਫਾਰਮਾਂ ਉਤੇ, ਚਾਹੇ ਉਹ ਅਲਬਰਟਾ, ਸਸਕੈਚਵਨ ਜਾਂ ਮੈਨੀਟੋਬਾ ਦੇ ਹੋਣ ਅਤੇ ਚਾਹੇ ਓਕਾਨਾਗਨ ਦੇ ਫਰੂਟਾਂ ਦੇ ਭਾਵੇਂ ਲੋਇਰ ਮੇਨਲੈਂਡ ਦੇ ਬੇਰੀਆਂ ਤੇ ਸਬਜ਼ੀਆਂ ਦੇ ਫਾਰਮ ਹੋਣ, ਪੈਣਾ ਹੈ।

ਪਰ ਸਾਡੇ ਭਾਰਤੀ ਲੋਕਾਂ ਦਾ ਬੜਾ ਵੱਡਾ ਹਿਸਾ ਓਕਾਨਾਗਨ ਅਤੇ ਲੋਇਰਮੇਨਲੈਂਡ ਵਿਚ ਫਾਰਮ ਕਾਮਿਆਂ ਦੇ ਰੂਪ ਵਿਚ ਕੰਮ ਕਰਦਾ ਹੈ। ਕੁਝ ਹਿਸਾ ਛੋਟੇ ਫਾਰਮਾਂ ਦੇ ਮਾਲਕਾਂ ਦਾ ਵੀ ਹੈ। ਇਹ ਫਰੀ ਟਰੇਡ ਦੇ ਆਰੰਭ ਹੁੰਦੇ ਹੀ ਇਸ ਦੀ ਫੇਟ ਦੇ ਸ਼ਿਕਾਰ ਹੋ ਜਾਣੇ ਹਨ।

ਛੋਟੇ ਫਾਰਮਰ ਹੋ ਸਕਦਾ ਹੈ ਫਾਰਮਾਂ ਤੋਂ ਹੀ ਹੱਥ ਧੋ ਬੈਠਣ ਜੇਕਰ ਉਨ੍ਹਾਂ ਉਪਰ ਕੋਈ ਮਾਰਗੇਜ ਹੋਈ ਕਿਉਂਕਿ ਆਮਦਨ ਬੰਦ ਹੋ ਜਾਵੇਗੀ। ਹਜ਼ਾਰਾਂ ਦੀ ਗਿਣਤੀ ਵਿਚ ਫਾਰਮ ਕਾਮਿਆਂ ਦਾ ਬੇਰੁਜ਼ਗਾਰ ਹੋਣਾ ਦੇਖਿਆ ਜਾ ਸਕਦਾ ਹੈ, ਜਿਵੇਂ ਪਿਛਲੇ ਕੁਝ ਸਾਲਾਂ ਵਿਚ ਅਸੀਂ ਦੇਖਿਆ ਕਿ ਅਮਰੀਕਨ ਕੰਪਨੀਆਂ, ਕੈਨੇਡਾ ਦੇ ਪੋਲਟਰੀ ਫਾਰਮ ਖਰੀਦ ਕੇ ਬੰਦ ਕਰ ਦਿੱਤੇ। ਉਥੇ ਕੰਮ ਕਰਨ ਵਾਲੇ ਆਪਣੇ ਕੰਮਾਂ ਤੋਂ ਹੱਥ ਧੋ ਬੈਠੇ, ਇਨ੍ਹਾਂ ਕਾਮਿਆਂ ਵਿਚ ਕਾਫੀ ਭਾਰਤੀ ਵੀ ਸ਼ਾਮਲ ਸਨ।

ਸੋ ਫਰੀ ਟਰੇਡ ਦੇ ਹਰ ਜਥੇਬੰਦ ਵਿਰੋਧ ਲਈ ਕਦਮ ਚੁੱਕਣ ਦੀ ਲੋੜ ਹੈ। ਕੈਨੇਡੀਅਨ ਫਾਰਮ ਵਰਕਰਜ਼ ਯੂਨੀਅਨ ਨੂੰ ਇਸ ਲਈ ਪਹਿਲ ਕਦਮੀ ਲੈਣੀ ਚਾਹੀਦੀ ਹੈ। ਫਾਰਮ ਕਾਮਿਆਂ ਨੂੰ ਇਸ ਪੱਖੋਂ ਸੁਚੇਤ ਕਰਨ ਦੀ ਮੁਹਿੰਮ ਚਲਾਉਣੀ ਚਾਹੀਦੀ ਹੈ। ਛੋਟੀਆਂ ਅਤੇ ਵੱਡੀਆਂ ਮੀਟਿੰਗਾਂ ਕਰਨੀਆਂ ਚਾਹੀਦੀਆਂ ਹਨ। ਉਨ੍ਹਾਂ ਦੀ ਇਸ ਤਰ੍ਹਾਂ ਦੀ ਪਹਿਲ ਕਦਮੀ ਫਾਰਮ ਵਰਕਰਜ਼ ਯੂਨੀਅਨ ਨੂੰ ਵੀ ਮਜ਼ਬੂਤ ਕਰੇਗੀ ਅਤੇ ਭਾਰਤੀ ਕਮਿਊਨਿਟੀ ਦੇ ਅਗੇ ਵਧੂ ਹਿਸੇ ਦੀ ਅਤਹੇ ਟਰੇਡ ਯੂਨੀਅਨ ਦੀ ਮੱਦਦ ਵੀ ਪ੍ਰਾਪਤ ਕਰ ਸਕੇਗੀ।

ਇਸ ਪਾਸੇ ਗੰਭੀਰਤਾ ਨਾਲ ਸੋਚ ਕੇ ਕਦਮ ਚੁਕਣ ਦੀ ਲੋੜ ਹੈ।

# ਵੱਖਵਾਦੀਆਂ ਵਿਰੁੱਧ ਕਾਮਨਵੈਲਥ ਸਮੇਂ ਭਗਤਕ ਸਟੈਂਡ

ਕਾਮਨਵੈਲਥ ਕਾਨਫਰੰਸ ਦੇ ਦੌਰਾਨ, ਭਾਰਤੀ ਮੂਲ ਦੀਆਂ ਕੁਝ ਜਥੇਬੰਦੀਆਂ ਨੇ ਆਪਣੇ ਵਿਚਾਰ ਭਾਰਤ ਦੇ ਪ੍ਰਧਾਨ ਮੰਤਰੀ ਦੇ ਧਿਆਨ ਵਿਚ ਲਿਆਉਣ ਲਈ ਜਲਸੇ ਕੀਤੇ।

ਖਾਲਿਸਤਾਨੀ ਕਬਜ਼ੇ ਵਾਲੇ ਗੁਰਦੁਆਰਿਆਂ, ਵਰਲਡ ਸਿੱਖ ਔਰਗੇਨਾਈਜੇਸ਼ਨ, ਸਿਖ ਯੂਥ ਫੈਡਰੇਸ਼ਨ ਆਦਿ ਨੇ ਖਾਲਿਸਤਾਨ ਦੀ ਮੰਗ ਲਈ ਜਲਸਾ ਵੀ ਕੀਤਾ ਅਤੇ ਜਲੂਸ ਵੀ ਕੱਢਿਆ। ਜਲਸੇ ਵਿਚ ਇਨ੍ਹਾਂ ਦੇ ਲੀਡਰ ਆਪਣਾ ਪੱਖ ਭਾਵੇਂ ਉਹ ਗਲਤ ਹੀ ਹੈ, ਵੀ ਦੱਸਣ ਵਿਚ ਫੇਲ ਹੋਏ, ਸਿਰਫ ਨਾਅਰਿਆਂ ਤੇ ਜੈਕਾਰਿਆਂ ਤੱਕ ਹੀ ਇਨ੍ਹਾਂ ਦਾ ਉਬਾਲ ਬੁਲਬਲੀਆਂ ਕੱਢਦਾ ਰਿਹਾ। ਇਸ ਵਿਚ ਹਾਜ਼ਰ ਲੋਕਾਂ ਦੀ ਗਿਣਤੀ ਬਾਰੇ ਵੱਖੋ ਵੱਖ ਅੰਦਾਜ਼ੇ ਹਨ, ਪਰ ਫਿਰ ਵੀ ਬਹੁਤ ਵਧਾ ਕੇ ਦਸੀ ਗਿਣਤੀ ਵੀ ਮਸਾਂ ਹੀ ਤਿੰਨ ਹਜ਼ਾਰ ਨੂੰ ਹੱਥ ਲਾਉਂਦੀ ਹੈ, ਭਾਵੇਂ ਕਿ ਅਸਲ ਵਿਚ ਇਹ ਗਿਣਤੀ ਕਿਸੇ ਤਰ੍ਹਾਂ ਵੀ ਦੋ ਹਜ਼ਾਰ ਤੋਂ ਵੱਧ ਨਹੀਂ ਸੀ, ਜਿਸ ਲਈ ਇਨ੍ਹਾਂ ਅੰਦਾਜ਼ਨ ਵੀਹ ਹਜ਼ਾਰ ਤੋਂ ਵੱਧ ਦਾ ਖਰਚ ਕੀਤਾ ਹੈ।

ਇਪਾਨਾ ਨਾਂ ਦੀ ਨਕਸਲੀ ਜਥੇਬੰਦੀ ਦੇ ਆਪਣੇ ਸੱਤੂ ਤਾਂ ਮੁੱਕੇ ਹੋਏ ਹਨ, ਪਰ ਫਿਰ ਵੀ ਇਨ੍ਹਾਂ ਦੇ ਮੌਕਾਪ੍ਰਸਤ ਅਮਲ ਨੇ ਇਨ੍ਹਾਂ ਨੂੰ ਵੱਖਵਾਦੀਆਂ, ਫਿਰਕੂਆਂ, ਵੰਡਵਾਦੀਆਂ, ਜਾਤੀਵਾਦੀਆਂ ਆਦਿ ਵਿਚ ਫਿਟ ਕਰ ਦਿੱਤਾ। ਇਨ੍ਹਾਂ ਦੀ ਅਖੌਤੀ ਇਨਕਲਾਬੀ ਦ੍ਰਿਸ਼ਟੀ ਸਿਵਾਏ ਭੰਬਲਭੂਸਿਆਂ ਦੇ, ਦੁਬਿਧਾ ਦੇ ਅਤੇ ਮੌਕਾਪ੍ਰਸਤੀ ਦੇ ਕੁਝ ਵੀ ਸਾਬਤ ਨਹੀਂ ਹੋਈ। ਹੋਰ ਤਾਂ ਹੋਰ ਇਨ੍ਹਾਂ ਦੀ ਮਾਅਰਕੇਬਾਜ਼ੀ ਵੀ ਇਨ੍ਹਾਂ ਕੋਲ ਨਾ ਰਹੀ, ਜਿਸ ਦੇ ਅਸਰ ਹੇਠ ਕੁਝ ਖਬੀ ਝੁਣ ਦੇ ਲੋਕ ਇਨ੍ਹਾਂ ਵਲ ਉਲਰ ਜਾਂਦੇ ਸਨ। ਇਨ੍ਹਾਂ ਦੀ ਅਤਿ ਦੀ ਖਬੂ ਸੋਚ ਇਨ੍ਹਾਂ ਨੂੰ ਅਤਿ ਦੇ ਸੱਜੂ ਰੰਗ ਵਿਚ ਰੰਗ ਗਈ। ਇਨ੍ਹਾਂ ਨੂੰ ਨਾ ਸਾਮਰਾਜ ਤੇ ਉਸ ਦੀਆਂ ਭਾਰਤ ਵਿਰੋਧੀ ਸਾਜ਼ਸ਼ਾਂ, ਨਾ ਬੇਗੁਨਾਹੇ ਲੋਕਾਂ ਦੇ ਕਤਲ, ਨਾ ਹੀ ਭਾਰਤ ਵਿਚ ਦੀ ਵੱਡੀ ਸਰਮਾਏਦਾਰੀ ਦੀ ਅਗਵਾਈ ਵਾਲਾ ਸਰਮਾਏਦਾਰ - ਜਾਗੀਰੂ ਰਾਜ ਹੀ ਦਿਸਿਆ। ਇਨ੍ਹਾਂ ਨੂੰ ਨਾ ਮਜ਼ਦੂਰ, ਨਾ ਕਿਸਾਨ ਹੀ ਦਿਸੇ, ਭਾਵ ਇਹ ਆਪਣੀ ਜਮਾਤੀ ਦਰਿਸ਼ਟੀ ਤੋਂ ਹੀਣ ਹੋ ਕੇ ਜੇ ਕੁਝ ਸੁੱਤੇ ਸਿਧ ਨਜ਼ਰ ਨਾਲ ਦੇਖ ਸਕੇ ਹਨ ਤਾਂ ਉਹ ਹਿੰਦੂ ਰਾਜ, ਸਿੱਖ, ਮੁਸਲਮ, ਇਸਾਈ ਆਦਿ ਵਿੱਚ ਵੰਡੇ ਹੋਏ ਲੋਕਾਂ ਨੂੰ। ਉਹ ਵੀ ਇਨ੍ਹਾਂ ਦੇ ਉਦਾਰ ਰੂਪ ਵਿਚ ਨਹੀਂ, ਫਿਰਕੂ ਰੂਪ ਵਿਚ ਹੀ ਦੇਖ ਸਕੇ ਹਨ।

ਏਸੇ ਤਰ੍ਹਾਂ ਹੀ ਹਰਦਿਆਲ ਬੈਂਸ ਦੇ ਨਕਸਲੀ ਗਰੁੱਪ ਨੇ ਆਪਣਾ ਰਾਗ ਵੱਖਰਾ ਅਲਾਪਿਆ, ਪਰ ਉਹ ਵੀ ਇਕ ਪਾਸੜ ਸੋਚ ਤੋਂ ਮੁਕਤ ਨਹੀਂ ਹੋ ਸਕਿਆ

ਈਸਟ ਇੰਡੀਅਨ ਵਰਕਰਜ਼ ਐਸੋ: ਆਫਿ ਕੈਨੇਡਾ ਇਕੋ ਇਕ ਜਥੇਬੰਦੀ ਸੀ, ਜਿਸ ਨੇ ਰਾਜੀਵ ਗਾਂਧੀ ਸਰਕਾਰ ਨੂੰ ਅਤੇ ਕਾਂਗਰਸ ਨੂੰ ਭਾਰਤ ਦੀਆਂ ਸਭ ਮੁਸ਼ਕਲਾਂ ਦਾ ਕਾਰਨ ਦੱਸਦਿਆਂ, ਵੱਖਵਾਦੀ ਫਿਰਕੂ ਟੋਲਿਆਂ ਅਤੇ ਖਾਲਿਸਤਾਨ ਦੀ ਮੰਗ ਦਾ ਡਟ ਕੇ ਵਿਰੋਧ ਕੀਤਾ। ਇਸ ਇਕੱਲੀ ਐਸੋ: ਨੇ ਭਾਰਤ ਦੀ ਅਖੰਡਤਾ ਅਤੇ ਏਕਤਾ ਲਈ ਹੋਕਾ ਦਿੱਤਾ। ਖਾਲਿਸਤਾਨੀਆਂ ਅਤੇ ਵੱਖਵਾਦੀਆਂ ਦੇ ਜਲਸੇ - ਜਲੂਸ ਨੂੰ ਦੇਸ਼ ਨਾਲ ਗ਼ਦਾਰੀ ਕਰਨ ਵਾਲਾ ਕਿਹਾ। ਅਤੇ ਇਪਾਨਾ ਵਲੋਂ ਸੱਦੇ ਜਨਤਾ ਪਾਰਟੀ ਦੇ ਪਾਰਲੀਮੈਂਟਰੀ ਮੈਂਬਰ ਸੱਯਦ ਸ਼ਹਾਬੋਦੀਨ ਦੇ ਫਿਰਕੂ ਰੰਗ ਨੂੰ ਉਘਾੜਿਆ ਜੋ ਕਿ 'ਮੁਸਲਮ ਇੰਡੀਆ' ਦੇ ਫਿਰਕੂ ਪਰਚੇ ਦਾ ਸੰਪਾਦਕ ਵੀ ਹੈ।

ਮਾਸਕ 'ਲੋਕਤਾ' ਅਤੇ ਈਸਟ ਇੰਡੀਅਨ ਵਰਕਰਜ਼ ਐਸੋ: ਇਹ ਫਖਰ ਮਹਿਸੂਸ ਕਰਦੇ ਹਨ ਕਿ ਉਹ ਸਾਡੇ ਬਜ਼ੁਰਗ ਦੇਸ਼ ਭਗਤਾਂ ਵਲੋਂ ਦੱਸੇ ਰਾਹ ਉਪਰ ਡਟ ਕੇ ਪਹਿਰਾ ਦੇ ਰਹੇ ਹਨ। ਇਥੇ ਕਈ ਬਜ਼ੁਰਗ ਦੇਸ਼ ਭਗਤਾਂ ਅਤੇ ਸ਼ਹੀਦਾਂ ਦੇ ਵਾਰਸ ਬਣਨ ਦੇ ਦਾਈਏ ਕਰਨ ਵਾਲੇ ਅਤੇ ਉਨ੍ਹਾਂ ਨੂੰ ਫਿਰਕੂ ਵੰਡ ਕਰਕੇ ਉਨ੍ਹਾਂ ਨੂੰ ਆਪਣੇ ਨਾਲ ਜੋੜ ਰਹੇ ਹਨ। ਪਰ ਅੱਜ ਲੋਕਤਾ ਅਤੇ ਐਸੋ: ਤੋਂ ਬਿਨਾਂ ਕੋਈ ਜਥੇਬੰਦਕ ਤੌਰ ਤੇ ਭਾਰਤ ਦੀ ਏਕਤਾ ਅਤੇ ਅਖੰਡਤਾ ਵਿਚ ਖਲੋ ਨਹੀਂ ਸਕਿਆ ਹੈ।

ਇਸ ਤੋਂ ਬਿਨਾਂ ਕੈਨੇਡੀਆਂ ਪੰਜਾਬੀ ਪ੍ਰੈਸ ਵਿਚ ਇਹ ਸਿਹਰਾ ਕੈਨੇਡਾ ਦਰਪਣ ਦਹੇ ਸਿਰ ਬੱਝਦਾ ਹੈ ਜਿਸ ਨੇ ਖਾਲਿਸਤਾਨੀਆਂ ਦੇ ਵੱਖਵਾਦ ਵਿਰੁਧ ਅਤੇ ਇਪਾਨਾ ਦੀ ਮੌਕਾਪ੍ਰਸਤੀ ਨੂੰ ਨੰਗਾ ਕਰਦਿਆਂ ਭਾਰਤ ਦੀ ਅਖੰਡਤਾ ਅਤੇ ਧਰਮ ਨਿਰਪੱਖਤਾ ਲਈ ਆਵਾਜ਼ ਉਠਾਈ ਹੈ।

ਨਾਲ ਹੀ ਏਥੇ ਅਸੀਂ ਵਿਅਕਤੀਗਤ ਤੌਰ ਉਪਰ ਵੈਨਕੂਵਰ ਦੇ ਉਘੇ ਭਾਰਤੀ ਵਕੀਲ ਸ੍ਰੀ ਉਜੱਲ ਦੁਸਾਂਝ ਦੀ ਵੀ ਸਰਾਹਣਾ ਕਰਨੀ ਚਾਹੁੰਦੇ ਹਾਂ ਜੋ ਕਿ ਭਾਰਤ ਦੀ ਅਖੰਡਤਾ ਲਈ ਲਗਾਤਾਰ ਆਪਣੀ ਆਵਾਜ਼ ਉਠਾਉਂਦੇ ਆ ਰਹੇ ਹਨ। ਉਹ ਕੈਨੇਡਾ ਵਿਚ ਭਾਰਤੀ ਕਮਿਊਨਿਟੀ ਦੀ ਏਕਤਾ ਲਈ ਫਿਰਕੂ ਖਾਲਿਸਤਾਨੀਆਂ ਦਾ ਵਿਰੋਧ ਵੀ ਕਰਦੇ ਆ ਰਹੇ ਹਨ, ਏਸੇ ਕਰਕੇ ਉਨ੍ਹਾਂ ਉਪਰ ਕਾਤਲਾਨਾ ਹਮਲਾ ਵੀ ਕੀਤਾ ਗਿਆ ਸੀ।

ਇਥੇ ਇਹ ਗੱਲ ਵੀ ਨੋਟ ਕਰਨ ਵਾਲੀ ਹੈ ਕਿ **ਓਵਰ ਸੀਜ਼ ਕਾਂਗਰਸ** ਨਾਂ ਦੀ ਜਥੇਬੰਦੀ ਜੋ ਕਿ ਸਰਕਾਰ ਭਗਤੀ ਹੈ, ਵੀ ਵੱਖਵਾਦੀਆਂ ਦੇ ਖਿਲਾਫ ਇਕ ਲਫਜ਼ ਨਹੀਂ ਕੱਢ ਸਕੀ। ਜਾਪਦਾ ਕਿ ਓਵਰਸੀਜ਼ ਕਾਂਗਰਸ ਵੀ ਪੰਜਾਬ ਵਿਚ ਦੀ ਕਾਂਗਰਸ ਵਾਂਗ ਹੀ ਸਿਰਫ ਨਾਂ ਦੀ ਹੀ ਕਾਂਗਰਸ ਹੈ, ਉਂਝ ਇਕ ਮੁਰਦਾ ਜੱਥੇਬੰਦੀ ਹੈ।

ਸਾਨੂੰ ਵਿਸ਼ਵਾਸ ਹੈ ਕਿ ਭਾਰਤ ਦੇ ਬਹਾਦਰ ਲੋਕ, ਲੋਕ ਜਮਹੂਰੀ ਲਹਿਰ ਦੀ ਅਗਵਾਈ ਵਿਚ ਹਰ ਤਰ੍ਹਾਂ ਦੀਆਂ ਲੋਕ ਵਿਰੋਧੀ ਸ਼ਕਤੀ ਉਪਰ ਕਾਬੂ ਪਾ ਭਾਰਤ ਨੂੰ ਧਰਮ ਨਿਰਪੱਖ ਲੋਕ ਜਮਹੂਰੀ ਦੇਸ਼ ਵਜੋਂ ਬਣਾਉਣ ਵਿਚ ਜੇਤੂ ਹੋ ਕੇ


**BERNARD SIMPSON** & COMPANY

PRACTICE **RESTRICTED** TO
INJURIES SUFFERED DUE TO
**CAR ACCIDENTS (ICBC CLAIMS)**

**ਅਸੀਂ ਕੇਵਲ ਕਾਰ ਐਕਸੀਡੈਂਟ ਸੰਬੰਧੀ ਆਈ. ਸੀ. ਬੀ. ਸੀ.**
**ਕਲੇਮਾਂ ਨੂੰ ਹੀ ਹੈਂਡਲ ਕਰਦੇ ਹਾਂ**

HANDLING CAR ACCIDENTS FOR
OVER 15 YEARS

CONTINGENCY FEES AVAILABLE
(IF NO RECOVERY NO LEGAL FEE)
NO CHARGE FOR INITIAL
CONSULTATION
SITUATED IN THE AUTOMOBILE
ASSOCIATION BUILDING

**734-2272**

999 West Broadway, Vancouver, B.C. V5Z 1K5

ਨਿਕਲਣਗੇ। ਅਸੀਂ ਕੈਨੇਡਾ ਵਿਚ ਉਨ੍ਹਾਂ ਦੇ ਸੰਘਰਸ਼ ਦਾ ਦ੍ਰਿੜ੍ਹਤਾ ਨਾਲ ਸਮਰਥਕ ਕਰਦੇ ਹਾਂ।

# ਵੈਨਕੂਵਰ ਕਾਮਨਵੈਲਥ ਦੇ ਫੈਸਲੇ

13 ਅਕਤੂਬਰ ਤੋਂ 17 ਅਕਤੂਬਰ ਤੱਕ ਵੈਨਕੂਵਰ ਵਿਚ 49 ਦੇਸ਼ਾਂ ਦੀ ਕਾਮਨਵੈਲਥ ਕਾਨਫਰੰਸ ਸਮਾਪਤ ਹੋ ਚੁੱਕੀ ਹੈ। ਇਸ ਦੇ ਏਜੰਡੇ ਉਪਰ ਮੁਖ ਸਵਾਲ ਦੱਖਣੀ ਅਫਰੀਕਾ ਦਾ ਸੀ। ਜਿਥੇ ਰੰਗ ਦੇ ਆਧਾਰ ਉਪਰ ਗੋਰੇ ਨਸਲਵਾਦੀ ਹਾਕਮ ਰਾਜ ਕਰ ਰਹੇ ਹਨ। ਦੱਖਣੀ ਅਫਰੀਕਾ ਦੀ ਢਾਈ ਕਰੋੜ ਕਾਲੇ ਲੋਕਾਂ ਦੀ ਆਬਾਦੀ, ਪੰਜਾਹ ਲੱਖ ਗੋਰਿਆਂ ਦੇ ਅਤਿ ਦੁਖੀ ਕਰਨ ਵਾਲੇ, ਗੈਰ ਮਨੁੱਖੀ, ਬੇਇਨਸਾਫੀ ਵਾਲੇ ਅਤੇ ਜ਼ਬਰ ਦੇ ਰਾਜ ਹੇਠ ਲੰਬੇ ਸਮੇਂ ਤੋਂ ਰਹਿ ਰਹੀ ਹੈ।

ਦੱਖਣੀ ਅਫਰੀਕਾ ਦੇ ਲੋਕ ਉਨ੍ਹਾਂ ਦੀ ਜਮਹੂਰੀ ਜਥੇਬੰਦੀ '**ਅਫਰੀਕਨ ਨੈਸ਼ਨਲ ਕਾਂਗਰਸ**' ਦੇ ਝੰਡੇ ਹੇਠ ਬਰਾਬਰਤਾ ਲਈ ਸੰਘਰਸ਼ ਕਰ ਰਹੇ ਹਨ। ਅਮਰੀਕਾ ਅਤੇ ਇੰਗਲੈਂਡ ਟੇਢੇ ਢੰਗ ਨਾਲ ਆਪਣੇ ਆਰਥਕ ਹਿੱਤਾਂ ਲਈ ਗੋਰੇ ਹਾਕਮਾਂ ਦੇ ਨਸਲੀ ਰਾਜ ਦੀ ਉਮਰ ਲੰਮੀ ਕਰਨ ਲਈ ਸਹਾਇਕ ਹੋ ਰਹੇ ਹਨ।

ਕਾਮਨਵੈਲਥ ਦੇ ਦੇਸ਼ ਵੈਨਕੂਵਰ ਕਾਨਫਰੰਸ ਵਿਚ ਇਕ ਮੱਤ ਸਨ ਕਿ ਨਸਲੀ ਭੇਦ ਭਾਵ ਦਾ ਰਾਜ ਖਤਮ ਹੋਣਾ ਚਾਹੀਦਾ ਹੈ। ਇਹ ਗੱਲ ਤਾਂ ਦੱਖਣੀ ਅਫਰੀਕਾ ਦੇ ਗੋਰੇ ਹਾਕਮ ਵੀ ਕਹਿੰਦੇ ਹਨ ਕਿ ਉਹ ਸਹਿਜੇ ਸਹਿਜੇ ਸੁਧਾਰ ਕਰਨਗੇ। ਇਸ ਦਾ ਅਰਥ ਇਹ ਹੈ ਕਿ ਉਹ ਰਾਜ ਸੱਤਾ ਵਿਚ ਰਹਿ ਕੇ ਕਾਲੇ ਲੋਕਾਂ ਨੂੰ ਹੋਰ ਹੱਕ ਦੇਣ ਲਈ ਮੰਨਦੇ ਹਨ, **ਇਕ ਲਈ ਇਕ ਵੋਟ ਦੇ ਹੱਕ ਨੂੰ** ਨਹੀਂ ਮੰਨ ਰਹੇ। ਉਨ੍ਹਾਂ ਨੂੰ ਮਜ਼ਬੂਰ ਕਰਨ ਲਈ ਯੂ. ਐਨ. ਓ ਅਤੇ ਕਾਮਨਵੈਲਥ ਨੇ ਇਕ ਰਾਹ ਕੱਢਿਆ ਹੈ ਕਿ ਗੋਰੀ ਸਰਕਾਰ ਵਿਰੁਧ ਆਰਥਕ ਪਾਬੰਦੀਆਂ ਲਾਈਆਂ ਜਾਣ। ਇੰਗਲੈਂਡ ਇਸ ਦੇ ਵਿਰੁਧ ਹੈ। ਸੋ ਕਾਮਨਵੈਲਥ ਦੇਸ਼ਾਂ ਨੇ ਇੰਗਲੈਂਡ ਤੋਂ ਬਿਨਾਂ ਫੈਸਲਾ ਲੈ ਲਿਆ ਕਿ ਹੋਰ ਪਾਬੰਦੀਆਂ ਲਾਈਆਂ ਜਾਣ। ਇਸ ਲਈ ਇਕ ਕਮੇਟੀ ਬਣਾ ਦਿੱਤੀ ਹੈ।

ਇੰਗਲੈਂਡ ਦੀ ਪ੍ਰਧਾਨ ਮੰਤਰੀ ਮਾਰਗਰੇਟ ਥੈਚਰ ਦੀ ਕੋਈ ਦਲੀਲ ਬਾਕੀ ਦੇਸ਼ਾਂ ਨੂੰ ਕਾਇਲ ਨਾ ਕਰ ਸਕੀ ਕਿ ਇਹ ਆਰਥਕ ਪਾਬੰਦੀਆਂ ਕਿਉਂ ਨਹੀਂ ਲਾਈਆਂ ਜਾਣੀਆਂ ਚਾਹੀਦੀਆਂ। ਇੰਗਲੈਂਡ ਜੋ ਕਿ ਕਾਮਨਵੈਲਥ ਦਾ ਮੁਖੀ ਦੇਸ਼ ਹੈ ਸਾਰੇ ਦੇਸ਼ਾਂ ਤੋਂ ਨਿਖੜ ਗਿਆ ਹੈ। ਥੈਚਰ ਦੀ ਬੜੀ ਭਾਰੀ ਰਾਜਨੀਤਕ ਹਾਰ ਹੋਈ ਹੈ।

ਜੰਬਾਵੇ, ਜ਼ਾਂਬੀਆਂ, ਭਾਰਤ, ਕੈਨੇਡਾ, ਆਸਟਰੇਲੀਆ, ਨਿਊਜ਼ੀਲੈਂਡ ਆਦਿ ਦੇਸ਼ਾਂ ਦਾ ਦੱਖਣੀ ਅਫਰੀਕਾ ਦੇ ਬਹੁਤ ਹੀ ਸ਼ਲਾਘਾਯੋਗ ਅਤੇ ਦ੍ਰਿੜ ਸਟੈਂਡ ਸੀ। ਕਿ ਦਿਨ ਦੀਵੀਂ ਇਕ ਦੋ ਬੰਦਿਆਂ ਦੀ ਨਹੀਂ ਕਰੋੜਾਂ ਲੋਕਾਂ ਦੇ ਸਮੁੱਚੇ ਦੇਸ਼ ਵਿਚ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਹੋ ਰਹੀ ਹੈ। ਇੰਗਲੈਂਡ ਅਤੇ ਅਮਰੀਕਾ ਆਦਿ ਨਵੇਂ ਨਵੇਂ ਸਮਾਜਵਾਦ ਦੇ ਰਾਹ ਤੇਰੇ ਦੇਸ਼ਾਂ, ਨਿਕਾਰਗੋਆ, ਅਫਗ਼ਾਨਿਸਤਾਨ, ਇਥੋਂ ਤੱਕ ਕਿ ਸੋਵੀਅਤ ਯੂਨੀਅਨ ਤੇ ਚੀਨ, ਵਿਚ ਵੀ ਮਨੁੱਖੀ ਅਧਿਕਾਰਾਂ ਬਾਰੇ ਬਨਵਾਸੀ ਰੌਲਾ ਪਾਉਂਦੇ ਰਹਿੰਦੇ ਹਨ ਪਰ ਦੱਖਣੀ ਅਫਰੀਕਾ ਬਾਰੇ ਸਿਰਫ ਮੂੰਹ ਰਾਖਵੀਆਂ ਹੀ ਗੱਲਾਂ ਕਰ ਰਹੇ ਹਨ।

ਮਨੁੱਖੀ ਅਧਿਕਾਰਾਂ ਦੀਆਂ ਉਲੰਘਨਾਵਾਂ ਤਾਂ ਵਿਤਕਰੇ ਵਾਲੇ ਪ੍ਰਬੰਧ ਵਿਚ ਹੀ ਹੁੰਦੀਆਂ ਹਨ ਨਾ ਕਿ ਸਾਂਝੀਵਾਲਤਾ ਵਾਲੇ ਪ੍ਰਬੰਧ ਵਿਚ।

ਇਸ ਤਰ੍ਹਾਂ ਫਿਜ਼ੀ ਵਿਚ ਫੌਜੀ ਰਾਜਪਲਟੇ ਦੇ ਵਿਰੁਧ ਆਵਾਜ਼ ਉਠਾਉਣ ਵਾਲੇ ਵੀ ਭਾਰਤ, ਆਸਟਰੇਲੀਆ, ਨਿਊਜ਼ੀਲੈਂਡ ਆਦਿ ਹੀ ਸਨ। ਇੰਗਲੈਂਡ ਦੀ ਪ੍ਰਧਾਨ ਮੰਤਰੀ, ਰਾਬੂਕਾ ਨੂੰ ਕਾਮਨਵੈਲਥ ਵਿਚ ਰੱਖਣ ਲਈ ਦਲੀਲਾਂ ਦੇ ਰਹੀ ਸੀ। ਪਰ ਬਾਕੀ ਲੋਕਾਂ ਦੀ ਏਕਤਾ ਅੱਗੇ ਉਸ ਨੂੰ ਝੁਕਣਾ ਪਿਆ ਤੇ ਫਿਜ਼ੀ ਨੂੰ ਕਾਮਨਵੈਲਥ ਵਿਚੋਂ ਕੱਢ ਦਿਤਾ ਗਿਆ ਹੈ ਕਿਉਂਕਿ ਰਾਬੂਕਾ ਨੇ ਸਾਮਰਾਜੀ ਸ਼ਹਿ ਉਤੇ ਜਮਹੂਰੀ ਢੰਗ ਨਾਲ ਚੁਣੀ ਹੋਈ ਬਾਂਬਾਂਦਰਾਂ ਦੀ ਅਗੇਵਧੂ ਵਿਚਾਰਾਂ ਦੀ ਸਰਕਾਰ ਦਾ ਤਖਤਾ ਉਲਟਾ ਦਿੱਤਾ ਹੈ।

ਸ੍ਰੀਲੰਕਾ ਇਸ ਕਾਨਫਰੰਸ ਵਿਚ ਹਜ਼ਾਰ ਨਹੀਂ ਹੋ ਸਕਿਆ ਕਿਉਂਕਿ ਉਥੇ ਤਾਮਲਾਂ ਦੀਆਂ ਮੰਗਾਂ ਲਈ ਹੋਏ ਅਮਨ ਸਮਝੌਤੇ ਉਪਰ ਤਾਮਲ ਟਾਈਗਰ ਅਮਲ ਕਰਨ ਲਈ ਤਿਆਰ ਨਹੀਂ ਸਨ। ਜਦੋਂ ਕਿ ਉਹ ਸਮਝੌਤਾ ਤਾਮਲਾਂ ਦੀਆਂ ਮੰਗਾਂ ਦੇ ਅਨੁਸਾਰ ਸੀ। ਅਮਨ ਸਮਝੌਤੇ ਲਈ ਭਾਰਤ ਦੀ ਸ਼ਲਾਘਾ ਕੀਤੀ ਗਈ, ਜੋ ਉਸ ਨੂੰ ਅਮਲ ਵਿਚ ਲਿਆਉਣ ਲਈ ਕਠਣ ਕੰਮ ਕਰ ਰਿਹਾ ਹੈ। ਸਮਝੌਤੇ ਨੂੰ ਮੰਨਣ ਦੇ ਕਾਰਨ ਤਾਮਲ ਟਾਈਗਰਾਂ ਵਲੋਂ ਭਾਰਤੀ ਸੈਨਾ ਉਪਰ ਹਮਲੇ ਕਰਨਾ ਅਤੇ ਭਾਰਤੀ ਸ਼ਾਂਤੀ ਸੈਨਾ ਨੂੰ ਮਜ਼ਬੂਰਨ ਸਖਤ ਕਦਮ ਉਠਾਉਣ ਲਈ ਮਜਬੂਰ ਹੋਣਾ ਨਿਸਚੇ ਹੀ ਦੁਖਦਾਈ ਹੈ।

ਕਾਮਨਵੈਲਥ ਦੇਸ਼ਾਂ ਦੇ ਲੋਕਾਂ ਲਈ ਨਵੀਂ ਟੈਕਨਾਲੋਜੀ ਦੀ ਪੜ੍ਹਾਈ ਲਈ ਜੋ ਵਿਦਿਅਕ ਪ੍ਰਬੰਧ ਸੈਟਲਾਈਟ ਰਾਹੀਂ ਕਰਨ ਦਾ ਕੀਤਾ ਗਿਆ, ਉਹ ਚੰਗੀ ਗੱਲ ਹੈ।

ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਇਹ ਕਾਮਨਵੈਲਥ ਕਾਨਫਰੰਸ ਸਮੁੱਚੇ ਤੌਰ ਸਫਲ ਰਹੀ ਹੈ।

ਸਫ਼ਾ 26 ਦੀ ਬਾਕੀ

(ਹਾਊਜ਼ਿੰਗ ਕਮੇਟੀ ਦੀ ਪ੍ਰਧਾਨ ਮਿਸਿਜ਼ ਕੈਰਲ ਟੇਲਰ ਹੈ) ਸਾਰੀ ਕੌਂਸਲ ਜੋ ਕਿਸੇ ਇਕ ਨੂੰ ਭੀ ਲਿਖ ਕੇ ਜਾਂ ਮਿਲ ਕੇ ਆਖ ਸਕਦੇ ਹੋ। ਇਹ ਤਾਂ ਸਾਰੀ ਕਮਿਊਨਿਟੀ ਅਤੇ ਵੈਨਕੂਵਰ ਦੇ ਸਾਰੇ ਹੀ ਲੋਕਾਂ ਦਾ ਮਸਲਾ ਹੈ। ਰੀਪੋਰਟ ਸਿਟੀ ਕਲਰਕ ਤੋਂ ਮਿਲ ਸਕਦੀ ਹੈ। ਸੋ ਚੰਗੀ ਸਫਲਤਾ ਤੇ ਲੋਕ ਭਲਾਈ ਲਈ ਅਜ ਹੀ ਰੀਪੋਰਟ ਲੈ ਕੇ ਰਾਏ ਦਿਓ। ਅਸੀਂ ਤਾਂ ਆਪਣੀ ਸ਼ਕਤੀ ਅਨੁਸਾਰ ਕਰ ਰਹੀ ਰਹੇ ਹਾਂ। ਉਠੋ ਤੇ ਸਰਗਰਮ ਹੋਵੋ।


**ASHOKA TRADING CO. LTD.**

*6621 MAIN STREET, VANCOUVER. B.C.*

**324-7521**

• ਕਢਾਈ ਵਾਲੀਆਂ ਅਤੇ ਸਿਲਕ ਦੀਆਂ ਵਧੀਆ ਸਾੜ੍ਹੀਆਂ ਭਾਰਤ ਤੋਂ ਅਤੇ ਪ੍ਰਿੰਟਿਡੋ ਅਤੇ ਪਲੇਨ ਸਾੜ੍ਹੀਆਂ ਜਾਪਾਨ ਤੋਂ ਸਿੱਧੀਆਂ ਮੰਗਵਾਈਆਂ ਜਾਂਦੀਆਂ ਹਨ। **ਕੇਵਲ ਹੋਲ ਸੇਲ ਤੇ ਖ਼੍ਰੀਦਣ ਲਈ ਫੂਨ ਕਰੋ**

INDIAN SILK SAREES & SUITS
JAPANEEESE SUITS & SAREES
COSTUME JEWELLERY

**WAREHOUSE ADDRESS:**
# 102 - 8185 MAIN ST., VANCOUVER. B.C.
**TEL: (604) 321 - 4506**

*WORLD WIDE IMPORTS IN FABRICS, SAREES & JEWELLERY WHOLESALE & RETAIL*

**WELL DISPLAYED & MOST DECORATED STORE IN TOWN**



# ਈਸਟ ਇੰਡੀਅਨ ਵਰਕਰਜ਼ ਐਸੋ: ਵਲੋਂ ਸ੍ਰੀ ਰਾਜੀਵ ਗਾਂਧੀ ਨੂੰ ਮੈਮੋਰੈਂਡਮ

ਵੈਨਕੂਵਰ — ਈਸਟ ਇੰਡੀਅਨ ਵਰਕਰਜ਼ ਐਸੋ: ਵਲੋਂ ਸਾਥੀ ਪਿਆਰਾ ਸਿੰਘ ਬਾਸੀ, ਸੁਖੀ ਅਮਰਜੀਤ ਅਤੇ ਸਾਥੀ ਗੁਰਨਾਮ ਸਿੰਘ ਸੰਘੇੜਾ ਤੇ ਆਧਾਰਤ ਇਕ ਡੇਲੀਗੇਸ਼ਨ ਨੇ ਭਾਰਤ ਦੇ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਨੂੰ ਇਕ ਮੈਮੋਰੈਂਡਮ ਦਿਤਾ ਗਿਆ, ਜਿਸ ਵਿਚ ਪੰਜਾਬ ਦੇ ਮਸਲੇ ਦੇ ਤੁਰੰਤ ਰਾਜਸੀ ਹੱਲ, ਪੰਜਾਬ ਸਮਝੌਤਾ ਲਾਗੂ ਕਰਨ, ਦਿੱਲੀ ਦੇ ਦੰਗਿਆਂ ਦੇ ਜ਼ਿਮੇਵਾਰਾਂ ਨੂੰ ਸਖਤ ਸਜ਼ਾਵਾਂ, ਜੋਧਪੁਰ ਦੇ ਨਿਰਦੋਸ਼ੇ ਕੈਦੀਆਂ ਦੀ ਰਿਹਾਈ ਆਦਿ ਅਤੇ ਭਾਰਤੀ ਮੂਲ ਦੇ ਬਦੇਸ਼ੀ ਸਹਿਰੀਆਂ ਤੋਂ ਵੀਜ਼ੇ ਦੀ ਪਾਬੰਦੀ ਹਟਾਉਣ, ਭਾਰਤ ਵਿਚ ਜਨਮੇ ਲੋਕਾਂ ਨੂੰ ਇੰਗਲੈਂਡ ਦੇ ਕਾਨੂੰਨ ਦੇ ਵਾਂਗ ਸ਼ਹਿਰੀਅਤ ਦੇ ਅਧਿਕਾਰ, ਦਿੱਲੀ ਹਵਾਈ ਅੱਡੇ ਉਪਰ ਇਮੀਗਰੇਸ਼ਨ ਅਤੇ ਕਸਟਮ ਅਧਿਕਾਰੀਆਂ ਵਲੋਂ ਕੀਤੀ ਜਾਂਦੀ ਖੁਆਰੀ ਨੂੰ ਰੋਕਣ ਦੀ ਮੰਗ ਕੀਤੀ ਗਈ ਹੈ।

# East Indian Workers' Association of Canada

## Memorandam To

## Honourable Mr. Rajiv Gandhi

# The Prime Minister Of India

Dear Sir,

You are in Canada to attend The Commonwealth Conference of the 49 Countries, to discuss the mutual interests, problems and also the relevant issues of the world. The Sanctions against racist South Africa, The Coup in Fiji, The violent Conflicts in Sri-Lanka and your role in these situations will be acknowledged. We appreciate your role in Sri-Lanka and against South Africa.

But we are also deeply interested in the internal affairs of India . and are also worried concerning the integrity and unity of India. The deteriorating situation of India is a great concern not only to the Indians but also to the Indian citizens and the people of Indian origin living abroad. We are living in a country where from the great "Gadhari Babas" led the life and death struggle for the Independence of India. They were above communalism and they led the struggle to The Independence of India. We are distressed at the internal danger from the separatist and Communalist forces and also at the scandalous situation prevalent in India. We are disturbed because we have Social-economic and even emotional ties with India. We intend to see a vibrant and prosperous India. But, what we are witnessing is, the poor getting poorer and the rich getting richer. The country is rocking with scandals, malpractices, bribery, and nepotism.

You are The Prime Minister of the Country and the people of India put you in power in the name of the Unity of the Country (means defeating separatist forces) and the amelioration of the poverty ridden people.

Your stance has not been helpful to launch any effective campaign to isolate and combat

the separatist and communalist forces. You made no effort to create national consciousness of being an Indian as you yourself acknowledged in the National Intregration Council. Whatever it did, that was abortive. Rather, you have been hob nobbing with Communalists and Casteist forces.

The East Indian Workers' Association of Canada has been in the fore front to fight and isolate the separatist and extremist elements in Canada. We are also the proponent of Socialistic pattern of society in India. That's why we support the Campaign run by the democratic forces of India to mobilise people in bringing about a radical change in the Social-economic structure of India. You are quite aware yourself that people are quite concerned about the present situation. Here are some of the points:

— Implement your Punjab agreement, with the late Longowal, immediately.

— The people responsible for the murderous attacks and the mass killing of the Sikhs in Delhi, should be punished.

— The innocent prisoners in Jodhpur Jail should be released.

— End the Presidential rule in Punjab.

Launch the political campaign for the isolation of the extremists in Punjab and other provinces.

— The secular policies must be followed very strictly.

— Stop indulging in opportunist agreements with anti-people and anti-India forces such as Gana Parishad of Assam Mizoram National Front, Gorkhaland which are not in the interests of India.

— We also demand that the people of Indian origin (born in India) living abroad with foreign citizenships should be allowed to visit India without any Visa restrictions. This can be done under the Patrial Clause as is in the U.K.

— The Visa for Indians should be abolished.

— The harassment at the Delhi airport by the Customs and immigration officers be stopped forthwith. The visitors have been pointing out these difficulties but nothing has been done rather it has gotten worse.

— So we ask you to resolve these problems immediately.

These are various other points that have given certain indicators of your government's inability to tackle the grave situation. To see who want to fight out Communalism by associating with fundamentalists in the name of relegious minority persecution are the culprits as well. We know that foreign imperialist forces are active in destablizing India.

Keeping the whole situation in view, we will urge you to resolve all the above problems and also ask you to eliminate barriers created for the visit of the people of Indian origin living abroad.

Yours truly,

East Indian Workers' Association Of Canada
P.O.BOX 67534 STN. 'O'
Vancouver, B.C. V5W 3T9
Canada

## ਈਸਟ ਇੰਡੀਅਨ ਵਰਕਰਜ਼ ਐਸੋ: ਆਫ ਕੈਨੇਡਾ ਵਲੋਂ

# ਸਫਲ ਪਬਲਿਕ ਮੀਟਿੰਗ

ਈਸਟ ਇੰਡੀਅਨ ਵਰਕਰਜ਼ ਐਸੋ: ਆਫ ਕੈਨੇਡਾ ਵਲੋਂ 4 ਅਕਤੂਬਰ 1987 ਦਿਨ ਐਤਵਾਰ ਨੂੰ ਮੋਬਰਲੀ ਪਾਰਕ ਹਾਲ ਵੈਨਕੂਵਰ ਵਿਚ ਭਾਰਤ ਦੀ ਰਾਜਸੀ ਸਥਿਤੀ, ਭਾਰਤ ਵਿਚ ਖੱਬੀਆਂ ਅਤੇ ਜਮਹੂਰੀ ਪਾਰਟੀਆਂ ਵਲੋਂ ਚਲਾਈ ਮੁਹਿੰਮ ਕਿ ਰਾਜੀਵ ਸਰਕਾਰ ਲੋਕਾਂ ਦਾ ਦੁਬਾਰਾ ਵਿਸ਼ਵਾਸ ਪ੍ਰਾਪਤ ਕਰਨ ਲਈ ਪਾਰਲੀਮੈਂਟ ਦੀਆਂ ਚੋਣਾਂ ਕਰਾਏ, ਰੀਫੀਊਜੀ ਅਤੇ ਇਮੀਗਰੇਸ਼ਨ ਅਤੇ ਸਿਟੀ ਕੌਂਸਲ ਵਲੋਂ ਘਰਾਂ ਦੀਆਂ ਬੇਸਮੈਂਟਾਂ ਤੇ ਐਸੋਸੀਏਸ਼ਨ ਵਲੋਂ ਹੁਣ ਤਕ ਚਲਾਈ ਮੁਹਿੰਮ ਬਾਰੇ ਰਿਪੋਰਟ ਕਰਨ ਲਈ ਪਬਲਿਕ ਮੀਟਿੰਗ ਸਾਥੀ ਸੁਰਿੰਦਰ ਸਿੰਘ ਸੰਘਾ ਦੀ ਪ੍ਰਧਾਨਗੀ ਹੇਠ ਹੋਈ। ਸਟੇਜ ਸਕੱਤਰ ਦੇ ਫਰਜ਼ ਸਾਥੀ ਮੁਹਿੰਦਰ ਸੂਮਲ ਨੇ ਨਿਭਾਏ।

ਸਭ ਤੋਂ ਪਹਿਲਾਂ ਸਟੇਜ ਤੇ ਸਭਾ ਦੇ ਜਨਰਲ ਸਕੱਤਰ ਸਾਥੀ ਮੁਹਿੰਦਰ ਸੂਮਲ ਨੇ ਇਹ ਮੀਟਿੰਗ ਕਰਨ ਬਾਰੇ ਜੋ ਮਸਲੇ ਵਿਚਾਰੇ ਜਾਣੇ ਹਨ ਬਾਰੇ ਵਿਸਥਾਰ ਪੂਰਬਕ ਦੱਸਿਆ ਅਤੇ ਮੀਟਿੰਗ ਦੀ ਪ੍ਰਧਾਨਗੀ ਕਰਨ ਲਈ ਸਭਾ ਦੇ ਪ੍ਰਧਾਨ ਸਾਥੀ ਸੁਰਿੰਦਰ ਸਿੰਘ ਸੰਘਾ ਨੂੰ ਸੱਦਿਆ ਅਤੇ ਇਸਤੋਂ ਬਾਅਦ ਸਭਾ ਦੇ ਆਰਗੇਨਾਈਜ਼ਿੰਗ ਸਕੱਤਰ ਸਾਥੀ ਗੁਰਨਾਮ ਸਿੰਘ ਸੰਘੇੜਾ ਨੂੰ ਸਟੇਜ ਤੇ ਸੱਦਿਆ ਗਿਆ।

ਸ਼ੁਰੂ ਵਿਚ ਵੈਨਕੂਵਰ ਦੇ ਬਜ਼ੁਰਗਾਂ ਦੇ ਗਰੁਪ ਵਲੋਂ ਸ੍ਰੀ ਰਤਨ ਸਿੰਘ ਜੌਹਲ, ਸ੍ਰੀ ਗੁਰਬਚਨ ਸਿੰਘ ਅਤੇ ਇਕ ਹੋਰ ਬਜ਼ੁਰਗ ਵਲੋਂ ਗੀਤ ਤੇ ਕਵਿਤਾਵਾਂ ਪੜ੍ਹੀਆਂ ਗਈਆਂ। ਭਾਰਤ ਤੋਂ ਆਏ ਬਜ਼ੁਰਗ ਜਿਹਨਾਂ ਨੇ ਆਪਣਾ ਸਾਰਾ ਜੀਵਨ ਲੋਕ ਹਿਤਾਂ ਲਈ ਲਾਇਆ ਅਤੇ ਮਾਰਕਸਵਾਦੀ ਕਮਿਊਨਿਸਟ ਪਾਰਟੀ ਲੁਧਿਆਣਾ ਦੇ ਕਾਰਕੁਨ ਬਜ਼ੁਰਗ ਸਾਥੀ ਪਰਮਾਨੰਦ ਹੁਰੀਂ ਕਵਿਤਾ ਰਾਹੀਂ ਪੰਜਾਬੀਆਂ ਨੂੰ ਉਹਨਾਂ ਦਾ ਇਨਕਲਾਬੀ ਤੇ ਫਿਰਕੂ ਇਕਸੁਰਤਾ ਦਾ ਵਿਰਸਾ ਦਰਸਾਇਆ। ਲੋਕ ਕਲਾ ਕੇਂਦਰ ਵੈਨਕੂਵਰ ਦੇ ਪ੍ਰਸਿੱਧ ਕਲਾਕਾਰ ਸੁਰਿੰਦਰ ਸਿੰਘ ਬੈਂਸ ਨੇ ਆਪਣੇ ਗੀਤ ਰਾਹੀਂ ਲੋਕਾਂ ਵਿਚ ਆਪਸੀ ਸਦਭਾਵਨਾ ਦਾ ਸੁਨੇਹਾ ਬਹੁਤ ਹੀ ਟੁੰਬਵੇਂ ਢੰਗ ਨਾਲ ਦਿੱਤਾ।

ਸਾਥੀ ਸੁਰਿੰਦਰ ਸਿੰਘ ਸੰਘਾ ਹੁਰੀਂ ਐਸੋ: ਵਲੋਂ ਰਾਜੀਵ ਗਾਂਧੀ ਜੋ ਵੈਨਕੂਵਰ ਵਿਚ ਕਾਮਨਵੈਲਥ ਤੇ ਆ ਰਹੇ ਹਨ ਦੇ ਸੰਬੰਧ ਵਿਚ ਸਭਾ ਵਲੋਂ ਕੱਢਿਆ ਗਿਆ ਇਸ਼ਤਿਹਾਰ ਕਿ "ਰਾਜੀਵ ਸਰਕਾਰ ਤੋਂ ਨਵਾਂ ਫਤਵਾ ਲੈਣ ਦੀ ਮੰਗ ਦੀ ਮੁਹਿੰਮ ਕਿਉਂ ?" ਬਾਰੇ ਵਿਸਥਾਰ ਨਾਲ ਦੱਸਿਆ ਕਿ ਅਸੀਂ ਇਸ ਦੀ ਕਿਸ ਆਧਾਰ ਤੇ ਸਪੋਰਟ ਕਰ ਰਹੇ ਹਾਂ। ਉਹਨਾਂ ਦੱਸਿਆ ਕਿ ਅਸੀਂ ਬਿਦੇਸ਼ਾਂ ਵਿਚ ਰਹਿੰਦੇ ਹੋਏ ਭੀ ਭਾਵੇਂ ਕੁਝ ਨੇ ਬਿਦੇਸ਼ੀ ਨਾਗਰਿਕਤਾ ਭੀ ਲੈ ਲਈ ਹੈ, ਸਾਡੇ ਭਾਰਤ ਨਾਲ ਗੂੜ੍ਹੇ ਨਾਤੇ ਹਨ। ਭਾਰਤ ਵਿਚ ਵਾਪਰੀ ਹਰ ਘਟਨਾ ਦਾ ਅਸਰ ਇਥੇ ਰਹਿੰਦੀ ਭਾਰਤੀ ਵਸੋਂ ਤੇ ਪੈਂਦਾ ਹੈ। ਅਸੀਂ ਭਾਰਤੀ ਪੰਜਾਬ ਦੀ ਸਥਿਤੀ ਤੋਂ ਬਹੁਤ ਚਿੰਤਾਤੁਰ ਹਾਂ। ਇਸੇ ਹੀ ਤਰ੍ਹਾਂ ਭਾਰਤ ਦੇ ਵੱਖ ਵੱਖ ਹਿਸਿਆਂ ਵਿਚ ਜੋ ਅਤਿਵਾਦੀ ਤੇ ਵੱਖਵਾਦੀ ਅਨਸਰਾਂ ਕਾਂਗਰਸੀ ਰਾਜ ਤੋਂ ਉਪਜੀ ਲੋਕਾਂ ਵਿਚ ਅਸੰਤੋਸ਼ ਦਾ ਲਾਭ ਉਠਾ ਕੇ ਆਪਣਾ ਅਧਾਰ ਵਡੇਰਾ ਕਰ ਰਹੇ ਹਨ ਅਤੇ ਕਾਂਗਰਸ ਭੀ ਇਹਨਾਂ ਅਨਸਰਾਂ ਨੂੰ ਆਪਣੇ ਸਿਆਸੀ ਮਨੋਰਥਾਂ ਲਈ ਵਰਤਦੀ ਹੈ ਇਹ ਦੇਸ਼ ਦੀ ਏਕਤਾ ਅਤੇ ਅਖੰਡਤਾ ਲਈ ਗੰਭੀਰ ਖਤਰਾ ਹਨ।

ਸਾਥੀ ਗੁਰਨਾਮ ਸਿੰਘ ਸੰਘੇੜਾ ਨੇ ਆਪਣੀ ਤਕਰੀਰ ਵਿਚ ਭਾਰਤੀ ਪਿਛੋਕੜ ਦੇ ਲੋਕ ਜੋ ਕੈਨੇਡਾ ਵਿਚ ਰਹਿ ਰਹੇ ਹਨ ਦੇ ਪੰਜਾਬ ਤੇ ਭਾਰਤ ਬਾਰੇ ਚਿੰਤਾ ਤੇ ਸਭਾ ਦਾ ਪੱਖ ਪੇਸ਼ ਕੀਤਾ। ਉਹਨਾਂ ਬੀ ਸੀ ਸੁਪਰੀਮ ਕੋਰਟ ਦੇ ਰਹਿ ਚੁਕੇ ਜੱਜ ਕਲਾਈਨ ਜੋ ਬਰਿਟਿਸ਼ ਕੁਲੰਬੀਆ ਦੀ ਯੂਨੀਵਰਸਿਟੀ ਦਾ ਚੇਅਰਮੈਨ ਭੀ ਰਹਿ ਚੁਕਾ ਦੇ ਦਿਤੇ ਬਿਆਨਾਂ ਦੀ ਚੀਰ ਫਾੜ ਕੀਤੀ ਕਿ ਕਿਵੇਂ ਇਹ ਨਸਲਵਾਦ ਤੇ ਨਸਲ ਦੀਆਂ ਗਲਾਂ ਕਰਦਾ ਹੈ। ਇਹ ਇਥੋਂ ਤਕ ਨਿਘਰ ਗਿਆ ਕਿ ਅੰਗਰੇਜ਼ ਅਤੇ ਫਰਾਂਸੀਸੀ ਨੂੰ ਹੀ ਕੈਨੇਡਾ ਵਿਚ ਦੇਖਣਾ ਚਾਹੁੰਦਾ ਹੈ।

ਉਹਨਾਂ ਯਾਦ ਕਰਵਾਇਆ ਕਿ ਜਦੋਂ 174 ਰਫੀਊਜੀਆਂ ਬਾਰੇ ਅਸੀਂ ਕੈਨੇਡੀਅਨ ਸਰਕਾਰ ਨੂੰ ਚਿਤਾਵਨੀ ਦਿੱਤੀ ਸੀ ਕਿ ਇਸ ਨਾਲ ਨਸਲਵਾਦ ਨਾ ਭੜਕਾਇਆ ਜਾਵੇ। ਪ੍ਰੰਤੂ ਹੋਇਆ ਇਸਦੇ ਉਲਟ। ਸਾਡੀ ਕਮਿਊਨਿਟੀ ਦੇ ਕੁਝ ਵੱਖਵਾਦੀ ਅਨਸਰਾਂ ਨੇ ਭੀ ਇਸ ਮਸਲੇ ਨੂੰ ਜਿਸ ਢੰਗ ਨਾਲ ਹੈਂਡਲ ਕੀਤਾ ਜਿਸਨੇ ਨਸਲਵਾਦੀਆਂ ਨੂੰ ਆਪਣੀਆਂ ਕਾਰਵਾਈਆਂ ਲਈ ਅਧਾਰ ਮੁਹੱਈਆ ਕੀਤਾ ਜੋ ਸਰਕਾਰ ਨੇ ਨਵਾਂ ਬਿਲ ਪੇਸ਼ ਕਰਨ ਲਈ ਆਪਣੇ ਹਕ ਵਿਚ ਵਰਤਿਆ।

ਉਹਨਾਂ ਨੇ ਮੀਸ਼ ਲੇਕ ਸਮਝੌਤਾ ਜਿਸਨੇ ਆਮ ਸ਼ਹਿਰੀਆਂ ਦੇ ਹੱਕ ਜੋ ਚਾਰਟਰ ਆਫ ਰਾਈਟਸ (ਜੋ ਕਿ ਭਾਵੇਂ ਸੀਮਾਵਾਂ ਵਾਲਾ ਹੈ) ਰਾਹੀਂ ਪ੍ਰਾਪਤ ਕੀਤੇ ਹੋਏ ਹਨ ਨੂੰ ਘਟਾ ਦਿੱਤਾ ਹੈ, ਇਸਤੇ ਭੀ ਸਾਰਿਆਂ ਨੂੰ ਇਸ ਸਮਝੌਤੇ ਵਿਰੁਧ ਆਵਾਜ਼ ਉਚੀ ਕਰਨੀ ਚਾਹੀਦੀ ਹੈ।

ਉਹਨਾਂ ਬੇਸਮੈਂਟਾਂ ਬਾਰੇ ਦੱਸਿਆ ਕਿ ਉਹ ਸਿਟੀ ਕੌਂਸਲ ਜੋ ਆਪਣੇ ਹਿਤਾਂ ਮੁਤਾਬਕ ਇਸ ਮਸਲੇ ਨੂੰ ਹੀ ਹਲ ਕਰਨਾ ਚਾਹੁੰਦੀ ਸੀ ਉਸਨੂੰ ਸਾਡੇ ਏਕੇ ਅਗੇ ਝੁਕਣਾ ਪਿਆ। ਆਪ ਸਾਰਿਆਂ ਖਾਸ ਕਰ ਸੀਨੀਅਰ ਸਿਟੀਜਨਾਂ ਦੇ ਗਰੁਪ ਤੇ ਫਾਰਮ ਵਰਕਰਾਂ ਆਦਿਕ ਦੀ ਮਦਦ ਨਾਲ ਅਸੀਂ ਕੌਂਸਲ ਨੂੰ ਪਰਿਵਾਰ ਦੀ ਵਡੇਰੀ ਪ੍ਰੀਭਾਸ਼ਾ ਕਰਨ ਜਿਸ ਵਿਚ ਬਾਬੇ ਦਾਦੇ ਤੀਕ ਰਹਿ ਸਕਦੇ ਹਨ ਵਿਚ ਕਾਮਯਾਬ ਹੋਏ ਹਾਂ। ਇਹ ਰਿਪੋਰਟ ਕੌਂਸਲ ਦੀ ਘਰਾਂ ਸੰਬੰਧੀ ਕਮੇਟੀ ਨੇ ਪਾਸ ਕਰ ਦਿੱਤੀ ਹੈ ਅਤੇ ਜਲਦੀ ਹੀ ਪੂਰੀ ਸਿਟੀ ਕੌਂਸਲ ਨੂੰ ਪਾਸ ਕਰਨ ਵਾਲੀ ਹੈ। ਇਹ ਬੀ ਸੀ ਦੇ ਕੰਡੋਮੀਨੀਅਮ ਵਿਚ ਸੋਧ ਕਰਕੇ ਸਾਰੇ ਵੈਨਕੂਵਰ ਵਿਚ ਲਾਗੂ ਹੋ ਜਾਵੇਗਾ। ਇਸ ਨਾਲ ਪਰਿਵਾਰ ਨਾਲ ਸੰਬੰਧਤ ਮੈਂਬਰਾਂ ਲਈ ਵੱਖਰਾ ਬੇਸਮੈਂਟ ਸੂਈਟ ਬਣਾਇਆ ਜਾ ਸਕੇਗਾ। ਜਿਸਦੀ ਫੀਸ ਭੀ ਆਮ ਵਰਗੀ ਹੀ ਹੋਵੇਗੀ। ਇਸਦੀਆਂ ਕੁਝ ਸ਼ਰਤਾਂ ਭੀ ਹਨ, ਜਿਹਨਾਂ ਨੂੰ ਨਰਮ ਕਰਾਉਣ ਜਾਂ ਹਟਾਉਣ ਲਈ ਭੀ ਜ਼ੋਰ ਪਾਇਆ ਜਾ ਸਕਦਾ ਹੈ। ਜੇਕਰ ਹੋਰ ਕਿਸੇ ਨੇ ਇਸ ਵਿਚ ਤਬਦੀਲੀਆਂ ਕਰਵਾਣੀਆਂ ਹੋਣ ਉਹ ਭੀ ਆਪਣਾ ਹਿਸਾ ਪਾ ਸਕਦੇ ਹਨ।

ਸਾਥੀ ਅਮਰਜੀਤ ਸੂਫੀ ਨੇ ਵਿਸਥਾਰ ਨਾਲ ਦੱਸਿਆ ਕਿ ਅਸੀਂ ਸਭਾ ਵਲੋਂ 'ਰਾਜੀਵ ਸਰਕਾਰ ਤੋਂ ਨਵਾਂ ਫਤਵਾ ਲੈਣ ਦੀ ਮੰਗ ਦੀ ਮੁਹਿੰਮ ਕਿਉਂ?' ਦਾ ਸਮਰਥਨ ਕਿਉਂ ਕਰਦੇ ਹਾਂ। ਉਹਨਾਂ ਦੱਸਿਆ ਕਿ ਜਦੋਂ ਰਾਜੀਵ ਕੈਨੇਡਾ ਵਿਚ ਹੋ ਰਹੀ ਕਾਮਨਵੈਲਥ ਕਾਨਫਰੰਸ ਵਿਚ ਹਿਸਾ ਲੈਣ ਲਈ ਆ ਰਿਹਾ ਹੈ ਸਭ ਵੱਖ ਵੱਖ ਵਿਚਾਰਾਂ ਵਾਲੇ ਲੋਕ ਆਪਣੇ ਵਿਚਾਰ ਲੋਕਾਂ ਵਿਚ ਰਖ ਰਹੇ ਹਨ। ਉਹਨਾਂ ਕਿਹਾ ਕਿ ਜੇਕਰ ਭਾਰਤ ਦੇ ਰਾਜਨੀਤਕ ਨਕਸ਼ੇ ਤੇ ਨਜ਼ਰ ਮਾਰੀ ਜਾਵੇ ਤਾਂ ਪਤਾ ਲਗਦਾ ਹੈ ਕਿ

ਪਿਛਲੇ 40 ਸਾਲਾਂ ਦੌਰਾਨ ਕੁਝ ਅਰਸਾ ਜੰਤਾ ਪਾਰਟੀ ਦੇ ਰਾਜ ਨੂੰ ਛੱਡ ਕੇ .ਕਾਂਗਰਸ ਪਾਰਟੀ ਰਾਜ ਕਰ ਰਹੀ ਹੈ। ਰਾਜੀਵ ਗਾਂਧੀ ਨੇ ਭਾਰੀ ਜਿੱਤ ਨੂੰ ਆਨੰਦਪੁਰ ਦੇ ਮਤੇ ਨੂੰ ਬਣਾਇਆ ਅਤੇ ਪ੍ਰਚਾਰਿਆ ਕਿ ਸਾਰੀਆਂ ਵਿਰੋਧੀ ਪਾਰਟੀਆਂ ਇਸਦੀ ਹਮਾਇਤ ਕਰਦੀਆਂ ਹਨ। ਸਿਖ ਫਿਰਕੇ ਦੇ ਵਿਰੁਧ ਇੰਦਰਾ ਦੇ ਕਤਲ ਨੂੰ ਉਭਾਰਿਆ ਅਤੇ ਸਾਰੇ ਸਿਖਾਂ ਨੂੰ ਇਸਦਾ ਦੋਸ਼ੀ ਠਹਿਰਾਇਆ ਗਿਆ। ਇਹ ਬਿਲਕੁਲ ਝੂਠ ਸੀ ਕਿ ਸਾਰੀਆਂ ਵਿਰੋਧੀ ਪਾਰਟੀਆਂ ਆਨੰਦਪੁਰ ਦੇ ਮਤੇ ਦੀ ਹਮਾਇਤ ਕਰਦੀਆਂ ਹਨ। ਉਹ ਤਾਂ ਪੰਜਾਬ ਦੀਆਂ ਹੱਕੀ ਮੰਗਾਂ ਦੀ ਹਮਾਇਤ ਕਰਦੀਆਂ ਸਨ। ਲੋਕਾਂ ਨੇ ਰਾਜੀਵ ਨੂੰ ਏਕਤਾ ਅਤੇ ਅਖੰਡਤਾ ਲਈ ਖੜਨ ਵਾਸਤੇ ਜਿਤਾਇਆ

ਫਿਰਕਾਪ੍ਰਸਤ ਸੰਸਥਾਵਾਂ ਜਿਵੇਂ ਆਰ ਐਸ ਐਸ ਜੋ ਭਾਰਤੀ ਜਨਤਾ ਪਾਰਟੀ ਦਾ ਹੀ ਅੰਗ ਹੈ ਨੇ ਇਸ ਦੀ ਮੱਦਦ ਕੀਤੀ। ਪਿਛਲੇ ਢਾਈ ਸਾਲਾਂ ਤੋਂ ਰਾਜੀਵ ਦਾ ਕਰਿਸ਼ਮਾਂ ਬੁਰੀ ਤਰ੍ਹਾਂ ਅਸਫਲ ਹੋਇਆ। ਪੰਜਾਬ ਦੀਆਂ ਹੱਕੀ ਮੰਗਾਂ ਨੂੰ ਮੰਨਣ ਕਾਰਨ ਅਤਿਵਾਦੀਆਂ ਦਾ ਆਧਾਰ ਵਿਸ਼ਾਲ ਹੋਇਆ ਜਿਹਨਾਂ ਨੇ ਹਿੰਦੂ ਸਿਖ ਏਕਤਾ ਦਾ ਝੰਡਾ ਉਚਾ ਚੁਕਣ ਵਾਲੇ ਦੇਸ਼ ਭਗਤਾਂ ਜਿਵੇਂ ਸਾਥੀ ਚੰਨਣ ਸਿੰਘ ਧੂਤ, ਦੀਪਕ ਧਵਨ, ਦਰਸ਼ਨ ਸਿੰਘ ਕੈਨੇਡੀਅਨ, ਗੁਰਨਾਮ ਸਿੰਘ ਉਪਲ ਵਰਗੇ ਨੌਜਵਾਨ ਆਦਿਕਾਂ ਨੂੰ ਗੋਲੀਆਂ ਦੇ ਸ਼ਿਕਾਰ ਬਣਾਂ ਦਿੱਤਾ। ਕਮਿਊਨਿਸਟ ਪਾਰਟੀਆਂ ਵਲੋਂ ਫਿਰਕੂ ਇਕਸੁਰਤਾ ਲਈ ਮੁਹਿੰਮਾਂ ਚਲਾਈਆਂ ਜਾ ਰਹੀਆਂ ਹਨ। ਪੰਜਾਬ ਦੇ ਹਾਲਾਤ ਵਿਗਾੜਨ ਲਈ ਮੁਖ ਤੌਰ ਤੇ ਰਾਜੀਵ ਸਰਕਾਰ ਜਿਮੇਵਾਰ ਹੈ ਇਸੇ ਹੀ ਤਰ੍ਹਾਂ ਦੇਸ਼ ਦੇ ਹੋਰ ਭਾਗਾਂ ਵਿਚ ਫਿਰਕੂ, ਇਲਾਕਾਵਾਦੀ ਅਤੇ ਜਾਤੀਵਾਦੀ ਅਨਸਰਾਂ ਨਾਲ ਸਮਝੌਤੇ ਰਾਜੀਵ ਸਰਕਾਰ ਨੇ ਕੀਤੇ। ਵਪਾਰਕ ਅਤੇ ਮਿਲਟਰੀ ਸੌਦਿਆਂ ਰਾਹੀਂ ਪੰਜਾਹ ਕਰੋੜ ਰੁਪਏ ਦੇ ਕਮਿਸ਼ਨਾਂ ਦੇ ਘਪਲੇ ਨੂੰ ਛੁਪਾਉਣ ਦੀ ਕੋਸ਼ਿਸ਼ ਕੀਤੀ। ਉਹਨਾਂ ਅਗੇ ਕਿਹਾ ਕਿ ਅਸੀਂ ਵੀਜ਼ਾ ਸਿਸਟਮ ਖਤਮ ਕਰਾਉਣ, ਦੂਹਰੀ ਨਾਗਰਿਕਤਾ ਅਤੇ ਭਾਰਤੀ ਏਅਰ ਪੋਰਟਾਂ ਤੇ ਖਜਲ ਖੁਆਰੀ ਦੇ ਮਸਲਿਆਂ ਨੂੰ ਹਲ ਕਰਨ ਦੀ ਫਿਰ ਅਪੀਲ ਕਰਦੇ ਹਾਂ।

ਸੇਵਕ ਸੰਗੀਤ ਗਰੁਪ ਨੇ ਬਹੁਤ ਹੀ ਵਧੀਆ ਗੀਤਾਂ 'ਬਾਬਾ ਤੇਰੀ ਨਗਰੀ ਵਿਚ ਹਨੇਰ ਪੈ ਗਿਆ' 'ਇਹ ਕੈਸੀ ਰੁਤ ਆਈ' ਨੂੰ ਆਪਣੇ ਸਾਜਾਂ ਅਤੇ ਲੀਡ ਗਾਇਕ ਹਰਭਜਨ ਮਾਨ ਦੀ ਅਵਾਜ਼ ਨਾਲ ਸਰੋਤਿਆਂ ਨੂੰ ਬਹੁਤ ਹੀ ਪ੍ਰਭਾਵਿਤ ਕੀਤਾ। ਆਪਣੀ ਕਲਾ ਰਾਹੀਂ ਉਹਨਾਂ ਲੋਕਾਂ ਨੂੰ ਆਪਸੀ ਸਦਭਾਵਨਾ, ਇਕਸੁਰਤਾ ਅਤੇ ਇਨਸਾਫ ਲਈ ਆਵਾਜ਼ ਬੁਲੰਦ ਕਰਨ ਦਾ ਸੁਨੇਹਾ ਦਿੱਤਾ।

ਅੰਤ ਵਿਚ ਮੀਟਿੰਗ ਦੇ ਪ੍ਰਧਾਨ ਸਾਥੀ ਸੁਰਿੰਦਰ ਸਿੰਘ ਸੰਘਾ ਨੇ ਸਾਰੇ ਸਰੋਤਿਆ ਦਾ ਇਸ ਮੀਟਿੰਗ ਵਿਚ ਭਾਗ ਲੈਣ ਦਾ ਧੰਨਵਾਦ ਕੀਤਾ। ਅਤੇ ਅਪੀਲ ਕੀਤੀ ਕਿ ਜਿਸ ਤਰ੍ਹਾਂ ਪਿਛਲੇ ਸਮੇਂ ਤੋਂ ਆਪਸ ਵਿਚ ਮਿਲ ਕੇ ਵੈਨਕੂਵਰ ਦੀ ਸਿਟੀ ਕੌਂਸਲ ਨੂੰ ਸਾਡੇ ਪਰਿਵਾਰਾਂ ਨੂੰ ਇਕ ਰਖਣ ਵਾਸਤੇ ਬੇਸਮੈਂਟਾਂ ਦੀ ਮੰਗ ਦੀ ਜਿਤ ਪ੍ਰਾਪਤ ਕੀਤੀ ਹੈ ਇਸੇ ਹੀ ਤਰ੍ਹਾਂ ਸਾਨੂੰ ਇਥੇ ਹੋਰ ਸਾਹਮਣੇ ਆ ਰਹੀਆਂ ਮੰਗਾਂ ਲਈ ਵਿਸ਼ਾਲ ਏਕਾ ਉਸਾਰ ਕੇ ਅਗੇ ਵਧ ਸਕਦੇ ਹਾਂ।

ਵਲੋਂ :
ਸੁਰਿੰਦਰ ਸਿੰਘ ਸੰਘਾ

(ਸਫਾ 14 ਦੀ ਬਾਕੀ)

ਸਮੁੱਚੀ ਅਮਰੀਕੀ ਫੌਜੀ ਯੁਧ-ਨੀਤੀ ਅਨੁਸਾਰ ਹੈ। ਇਸ ਫੌਜੀ ਰਾਜਪਲਟ ਨੂੰ ਸਫਲ ਬਨਾਉਣ ਲਈ ਵਾਸ਼ਿੰਗਟਨ ਕਾਫੀ ਸਰਗਰਮੀ ਵਖਾਉਂਦਾ ਰਿਹਾ ਹੈ ਭਾਵੇਂ ਕਿ ਅਮਰੀਕੀ ਹਕੂਮਤ ਵਲੋਂ ਉੱਤੋਂ ਉੱਤੋਂ ਫਿਜੀ ਵਿਚਲੇ ਤਾਜ਼ਾ ਰਾਜ ਪਲਟੇ ਉੱਤੇ ਚਿੰਤਾ ਪ੍ਰਗਟਾਈ ਜਾ ਰਹੀ ਹੈ।

ਫਿਜੀ ਵਿਚ ਜਿਹੜਾ ਰਾਜ ਪਲਟਾ ਹੋਇਆ ਹੈ ਉਸ ਤੋਂ ਪਿਛੋਂ ਜਿਸ ਕਿਸਮ ਦੇ ਦੇਸ ਦੇ ਨਵੇਂ ਸੰਵਿਧਾਨ ਦਾ ਖਰੜਾ ਲਿਆਂਦਾ ਜਾ ਰਿਹਾ ਹੈ ਉਸ ਤੋਂ ਇਹ ਗੱਲ ਸਾਹਮਣੇ ਆਉਂਦੀ ਹੈਕਿ ਇਹ ਸਾਰਾ ਕੁਝਬਹੁ-ਗਿਣਤੀ ਉੱਤੇ ਘੱਟ-ਗਿਣਤੀ ਦਾ ਰਾਜ ਠੋਸਣ ਦੀ ਇਕ ਕੋਸ਼ਿਸ਼ ਹੈ ਅਤੇ ਇਸ ਅਮਲ ਨਾਲ ਭਾਰਤੀ ਮੂਲ ਅਤੇ ਮਲੇਸ਼ੀਆਈ ਮੂਲ ਦੇ ਫਿਜੀਅਨਾ ਵਿਚਕਾਰ ਲਗਾਤਾਰ ਖਿਚਾਅ ਵਧਦਾ ਰਹੇਗਾ।

ਫਿਜੀ ਵਿਚਲੀਆਂ ਤਾਜ਼ਾ ਘਟਨਾਵਾਂ ਵਿਚ ਅਮਰੀਕਾ ਦੇ ਲੁਕਵੇਂ ਅਮਲ ਦੀ ਛਾਪ ਸਾਫ ਵਖਾਈ ਦੇਂਦੀ ਹੈ। ਜੇ ਫਿਜੀ ਵਿਚ ਜਮਹੂਰੀ ਢਾਂਚਾ ਬਹਾਲ ਹੁੰਦਾ ਸੀ ਤਾਂ ਇਸ ਨਾਲ ਟਾਪੂਆਂ ਦੇ ਇਸ ਦੇਸ਼ ਵਿਚ ਫੌਜੀ ਅੱਡੇ ਕਾਇਮ ਕਰਨ ਦੇ ਅਮਰੀਕਾ ਦੇ ਨਿਸ਼ਾਨਿਆਂ ਉਤੇ ਉਲਟ ਅਸਰ ਪੈਣਾ ਸੀ।

ਏਥੇ ਇਹ ਗੱਲ ਵਰਨਣ ਯੋਗ ਹੈ ਕਿ ਬਾਵਾਂਦਾਰਾਂ ਦੀ ਪਹਿਲਾਂ ਜਮਹੂਰੀ ਢੰਗ ਨਾਲ ਚੁਣੀ ਹੋਈ ਸਰਕਾਰ ਨੇ ਨਿਰਪਖ ਬਦੇਸ਼ੀ ਨੀਤੀ ਧਾਰਨ ਕਰਨ ਦਾ ਐਲਾਨ ਕੀਤਾ ਸੀ।

ਫਿਜੀ ਵਿਚ ਫੌਜੀ ਰਾਜਪਲਟੇ ਤੋਂ ਪਿਛੋਂ ਦੀਆਂ ਘਟਨਾਵਾਂ ਬਾਰੇ ਬਰਤਾਨੀਆਂ ਦੀ ਸਰਕਾਰ ਨੇ ਚਿੰਤਾ ਪ੍ਰਗਟ ਕੀਤੀ ਹੈ ਪਰ ਇਸਦਾ ਰੋਲ ਅਮਰੀਕਾ ਦੇ ਏਜੰਟਾਂ ਵਾਲਾ ਅਤੇ ਉਸਦੇ ਫੌਜੀ ਨਿਸ਼ਾਨਿਆਂ ਨੂੰ ਸਫਲ ਬਨਾਉਣ ਵਾਲਾ ਹੈ।

ਫਿਜੀ ਦਾ ਡਿਕਟੇਟਰ ਕਰਨਲ ਰਬੂਕਾ ਤਾਕਤ ਹਥਿਆਉਣ ਤੋਂ ਪਿਛੋਂ ਦੇਸ ਵਿਚ ਜਮਹੂਰੀਅਤ ਬਹਾਲੀ ਦੇ ਵਾਹਦੇ ਹੇਠ ਆਪਣੀ ਜਕੜ ਮਜਬੂਤ ਕਰਨ ਲਈ ਇਕ ਤੋਂ ਪਿਛੋਂ ਦੂਜਾ ਕਦਮ ਚੁਕ ਰਿਹਾ ਹੈ।

ਫਿਜੀ ਦੇ ਬਹਾਦਰ ਲੋਕ ਦੇਸ ਅੰਦਰ ਜਮਹੂਰੀਅੱਤ ਬਹਾਲੀ ਲਈ ਸੰਗਰਾਮ ਜਾਰੀ ਰਖਣਗੇ ਅਤੇ ਤਾਨਾਸ਼ਾਹੀ ਬਹੁਤ ਸਮਾਂ ਚਲ ਨਹੀਂ ਸਕੇਗੀ।


**WHEATON**

**PONTIAC BUICK GMC LTD.**

ਨਵੀਂਆਂ ਤੇ ਪੁਰਾਣੀਆਂ ਕਾਰਾਂ, ਸਟੇਸ਼ਨ ਵੈਗਨਾਂ, ਟਰੱਕ, ਵੈਨਾਂ ਅਤੇ 4x4 ਜਿਮੀ ਲੈਣ ਲਈ ਆਪਣੇ ਜਾਣੇ ਪਛਾਣੇ ਸੇਲਜ਼ਮੈਨ ਨੂੰ ਮਿਲੋ

ਕੁਲਦੀਪ ਸਿੰਘ ਝੰਡ ਨੂੰ ਫੂਨ ਕਰੋ ਜਾਂ ਮਿਲੋ

**Bus. 526-2781**
**Res. 524-4137**

**Pager 687-7711 #7610**

325 - 12th St., New Westminster, B.C.



ਕੁਲਦੀਪ ਸਿੰਘ ਝੰਡ

# ਖਾਲਿਸਤਾਨ ਨਹੀਂ, ਭਾਰਤ ਦੀ ਅਖੰਡਤਾ ਚਾਹੁੰਦੇ ਹਾਂ !

## ਲੋਕਾਂ ਨੇ ਖਾਲਿਸਤਾਨੀ ਠੁਕਰਾ ਦਿਤੇ

### ਈ: ਇ: ਵ: ਐਸੋ: ਆਫ ਕੈਨੇਡਾ ਵਲੋਂ ਪ੍ਰੈਸ ਰੀਲੀਜ਼

ਈ: ਇ: ਵਰਕਰਜ਼ ਐਸੋ: ਆਫ ਕੈਨੇਡਾ, ਦੇਸ਼ ਭਗਤਾਂ, ਗਦਰੀ ਬਾਬਿਆਂ ਅਤੇ ਹਜ਼ਾਰਾਂ ਸ਼ਹੀਦਾਂ ਦੀਆਂ ਕੁਰਬਾਨੀਆਂ ਦੇ ਕੇ ਪ੍ਰਾਪਤ ਕੀਤੀ ਭਾਰਤ ਦੀ ਆਜ਼ਾਦੀ, ਏਕਤਾ ਅਤੇ ਅਖੰਡਤਾ ਲਈ ਦ੍ਰਿੜ੍ਹਤਾ ਨਾਲ ਖਲੋਂਦੀ ਹੈ।

12 ਅਕਤੂਬਰ 1987 ਨੂੰ ਵੈਨਕੂਵਰ ਵਿਖੇ ਖਾਲਿਸਤਾਨੀਆਂ ਵਲੋਂ ਗੁਰਦੁਆਰਿਆਂ ਦੀ ਵਰਤੋਂ ਕਰਕੇ, ਸਿੱਖ ਧਰਮ ਦੇ ਨਾਂ ਉਤੇ ਲੋਕਾਂ ਨੂੰ ਗੁੰਮਰਾਹ ਕਰਕੇ ਖਾਲਿਸਤਾਨ ਦੀ ਮੰਗ ਲਈ ਜੋ ਇਕੱਠ ਕੀਤਾ ਅਤੇ ਜਲੂਸ ਕੱਢਿਆ ਹੈ, ਐਸੋਸੀਏਸ਼ਨ ਉਸ ਨੂੰ ਭਾਰਤ ਦੇ ਲੋਕਾਂ, ਪੰਜਾਬੀ ਲੋਕਾਂ ਖਾਸ ਕਰਕੇ ਸਿੱਖਾਂ ਦੇ ਹਿੱਤਾਂ ਅਤੇ ਰਵਾਇਤਾਂ ਦੇ ਵਿਰੁਧ ਸਮਝਦੀ ਹੈ।

ਐਸੋਸੀਏਸ਼ਨ ਸਮਝਦੀ ਹੈ ਕਿ ਇਹ ਜਲੂਸ ਅਮਰੀਕੀ ਸਾਮਰਾਜ ਵਲੋਂ ਭਾਰਤ ਨੂੰ ਅਸਥਿਰ ਕਰਨ ਅਤੇ ਟੁਕੜੇ ਟੁਕੜੇ ਕਰਨ ਲਈ ਚਲਾਈ ਜਾ ਰਹੀ ਮੁਹਿਮ ਦਾ ਹਿਸਾ ਹੈ। ਜਲੂਸ ਵਿਚ ਅਖੌਤੀ ਖਾਲਿਸਤਾਨ ਦੇ ਝੰਡੇ ਨਾਲ ਅਮਰੀਕੀ ਝੰਡੇ ਨੂੰ ਇਕਠਿਆਂ ਲਹਿਰਾਉਣਾ, ਭਾਰਤ ਦੇ ਲੋਕਾਂ ਨੂੰ ਮੁੜ ਤੋਂ ਗੁਲਾਮ ਬਣਾਉਣ ਵਾਲੀਆਂ ਸਾਮਰਾਜੀ ਸਾਜ਼ਸ਼ਾਂ ਦਾ ਪਰਮਾਣ ਬਣ ਕੇ ਉਭਰਦਾ ਹੈ।

ਅਸੀਂ ਪੰਜਾਬ-ਸਮੱਸਿਆ ਦਾ ਹੱਲ 'ਪੰਜਾਬ ਸਮਝੌਤੇ' ਨੂੰ ਇਨ ਬਿੰਨ ਲਾਗੂ ਕਰਨ ਵਿਚ, ਫਿਰਕੂ, ਵੱਖਵਾਦੀ ਅਤੇ ਅਤਿਵਾਦੀ ਸ਼ਕਤੀਆਂ ਨੂੰ ਲੋਕਾਂ ਵਲੋਂ ਨਿਖੇੜਨ ਅਤੇ ਰੱਦ ਕਰਨ ਵਿਚ ਦੇਖਦੇ ਹਾਂ। ਅਸੀਂ ਭਾਰਤ ਸਰਕਾਰ ਨੂੰ ਇਸ ਗੱਲੋਂ ਦੋਸ਼ੀ ਸਮਝਦੇ ਹਾਂ ਕਿ ਉਸ ਨੇ 'ਪੰਜਾਬ ਸਮਝੌਤੇ' ਉਪਰ ਅਮਲ ਨੂੰ ਲਗਾਤਾਰ ਲਮਕਾਇਆ ਹੈ।

ਈਸਟ ਇੰਡੀਅਨ ਵਰਕਰਜ਼ ਐਸੋ: ਆਫ ਕੈਨੇਡਾ ਖਾਲਿਸਤਾਨ ਦੀ ਮੰਗ ਨੂੰ ਸਿੱਖ ਧਰਮ ਨਾਲ ਜੋੜਨ ਅਤੇ ਰਲ-ਗੱਡ ਕਰਨ ਦੇ ਸਿਧਾਂਤ ਨੂੰ ਸਖਤੀ ਨਾਲ ਰੱਦ ਕਰਦੀ ਹੈ। ਕਿਸੇ ਧਰਮ ਵਿਚ ਵੱਖ ਵੱਖ ਰਾਜਨੀਤੀਆਂ ਨਾਲ ਸੰਬੰਧਿਤ ਲੋਕ ਹੁੰਦੇ ਹਨ, ਕਿਉਂਕਿ ਰਾਜਨੀਤੀ ਧਰਮ ਉਤੇ ਆਧਾਰਤ ਨਹੀਂ ਹੁੰਦੀ। ਰਾਜਨੀਤੀ ਆਰਥਕਤਾ ਉਪਰ ਆਧਾਰਤ ਹੋਣ ਦੇ ਕਾਰਨ ਸਰਮਾਏਦਾਰਾਂ, ਜਾਗੀਰਦਾਰਾਂ, ਵਪਾਰੀਆਂ, ਕਿਸਾਨਾਂ, ਮਜ਼ਦੂਰਾਂ ਆਦਿ ਦੀਆਂ ਜਮਾਤਾਂ ਦੇ ਆਧਾਰ ਉਤੇ ਵਿਸ਼ੇਸ਼ ਜਮਾਤਾਂ ਦੇ ਹਿੱਤਾਂ ਦੀ ਪ੍ਰਤੀਨਿਧਤਾ ਕਰਦੀ ਹੁੰਦੀ ਹੈ। ਇਸ ਤਰ੍ਹਾਂ ਡੇਢ ਕਰੋੜ ਸਿੱਖਾਂ ਵਿਚੋਂ ਕੁਝ ਕੁ ਸਿੱਖ ਲੋਕ ਹੀ ਖਾਲਿਸਤਾਨੀ ਵੱਖਵਾਦੀ ਰਾਜਨੀਤੀ ਨਾਲ ਸੰਬੰਧਿਤ ਹਨ ਜੋ ਇਸ ਰਾਜਨੀਤੀ ਨੂੰ ਬਾਕੀ ਸਿੱਖਾਂ ਅਤੇ ਪੰਜਾਬੀਆਂ ਉਪਰ ਜਬਰੀ ਮੜ੍ਹਨਾਂ ਚਾਹੁੰਦੇ ਹਨ।

ਐਸੋ: ਵੈਨਕੂਵਰ ਏਰੀਏ ਅਤੇ ਬੀ ਸੀ ਦੇ ਭਾਰਤੀ ਮੂਲ ਦੇ ਹਜ਼ਾਰਾਂ ਪੰਜਾਬੀਆਂ ਅਤੇ ਸਿੱਖਾਂ ਨੂੰ ਵਧਾਈ ਦਿੰਦੀ ਹੈ, ਜਿਨ੍ਹਾਂ ਖਾਲਿਸਤਾਨੀਆਂ ਦੇ ਵੈਨਕੂਵਰ ਵਿਚ ਕੀਤੇ ਇਕੱਠ ਅਤੇ ਜਲੂਸ ਵਿਚ ਸ਼ਾਮਲ ਨਾ ਹੋਕੇ ਇਸ ਨੂੰ ਠੁਕਰਾਇਆ ਹੈ। ਇਸ ਏਰੀਏ ਵਿਚ ਰਹਿੰਦੇ 80,000 ਪੰਜਾਬੀ ਲੋਕਾਂ ਵਿਚੋਂ ਇਕ-ਦੋ ਹਜ਼ਾਰ ਨੂੰ ਛੱਡ ਕੇ ਬਾਕੀ ਵੱਡੀ ਭਾਰੀ ਬਹੁ ਗਿਣਤੀ ਵਿਚ ਲੋਕ ਭਾਰਤ ਦੀ ਏਕਤਾ ਅਤੇ ਅਖੰਡਤਾ ਲਈ ਪੂਰੀ ਤਰ੍ਹਾਂ ਖਲੋਂਦੇ ਹਨ, ਇਹੋ ਕਾਰਨ ਹੈ ਕਿ ਉਨ੍ਹਾਂ ਵਿਚ ਜਲੂਸ ਵਿਚ ਸ਼ਮੂਲੀਅਤ ਨਹੀਂ ਕੀਤੀ। ਖਾਲਿਸਤਾਨੀ ਇਕੱਠ ਵਿਚ ਅਜਿਹੇ ਦੋ-ਤਿੰਨ ਸੌ ਲੋਕ ਵੀ ਗਏ ਸਨ, ਜੋ ਸਿਰਫ ਇਹ ਦੇਖਣਾ ਅਤੇ ਜਾਣਨਾਂ ਚਾਹੁੰਦੇ ਸਨ, ਕਿ ਇਹ ਵੱਖਵਾਦੀ ਉਥੇ ਕੀ ਕਰਦੇ ਅਤੇ ਕਹਿੰਦੇ ਹਨ। ਇਥੇ ਇਹ ਗੱਲ ਵੀ ਨੋਟ ਕਰਨ ਵਾਲੀ ਹੈ ਕਿ ਜਿਹੜੀ ਵੱਡੀ ਬਹੁ ਗਿਣਤੀ ਨੇ ਇਸ ਜਲੂਸ ਨੂੰ ਠੁਕਰਾਇਆ ਹੈ, ਉਹ ਭਾਰਤ ਸਰਕਾਰ ਵਲੋਂ ਪੰਜਾਬ ਦੇ ਮਸਲੇ ਦਾ ਰਾਜਨੀਤਕ ਹੱਲ ਤੁਰੰਤ ਹੋਇਆ ਦੇਖਣਾ ਚਾਹੁੰਦੇ ਹਨ।

ਖਾਲਿਸਤਾਨੀਆਂ ਦੇ ਇਸ ਇਕੱਠ ਵਿਚ ਪਤਲੀ ਹਾਜ਼ਰੀ, ਸਾਡੇ ਲੋਕਾਂ ਵਿਚ ਇਨ੍ਹਾਂ ਦੀ ਤੇਜ਼ੀ ਨਾਲ ਡਿੱਗੀ ਸਾਖ ਦਾ ਪਰਤੱਖ ਸਬੂਤ ਹੈ।

ਈਸਟ ਇੰਡੀਅਨ ਵਰਕਰਜ਼ ਐਸੋ:, ਕੈਨੇਡਾ ਵਿਚ ਰਹਿੰਦੇ ਭਾਰਤੀ ਲੋਕਾਂ ਨੂੰ ਅਪੀਲ ਕਰਦੀ ਹੈ ਕਿ ਉਹ ਗ਼ਦਰੀ ਸੂਰਬੀਰਾਂ ਵਲੋਂ ਦੱਸੇ ਦੇਸ਼ ਭਗਤੀ ਦੇ ਰਾਹ ਉਤੇ ਚਲਦੇ ਹੋਏ, ਕੈਨੇਡਾ ਵਿਚ ਹੋ ਰਹੀਆਂ ਬੇਇਨਸਾਫੀਆਂ ਵਿਰੁਧ ਨਸਲਵਾਦ ਵਿਰੁਧ, ਫਰੀ ਟਰੇਡ ਵਿਰੁਧ ਫੈਡਰਲ ਟੋਰੀ ਸਰਕਾਰ ਦੀਆਂ ਹੋਰਨਾਂ ਲੋਕ ਵਿਰੋਧੀ ਨੀਤੀਆਂ ਵਿਰੁਧ, ਜੋ ਲੋਕਾਂ ਦੇ ਜਮਹੂਰੀ ਹੱਕਾਂ ਨੂੰ ਕੁਚਲਦੀਆਂ ਹਨ, ਟਰੇਡ ਯੂਨੀਅਨ ਲਹਿਰ ਨੂੰ ਤੋੜਨ ਵਾਲੀਆਂ ਹਨ, ਵਿਰੁਧ ਏਕਤਾ ਉਸਾਰ ਕੇ, ਚੱਲ ਰਹੇ ਸੰਘਰਸ਼ਾਂ ਵਿਚ ਆਪਣਾ ਹਿਸਾ ਵਧ ਚੜ੍ਹ ਕੇ ਪਾਉਣ ਅਤੇ ਨਾਲੋ ਨਾਲ ਰਿਸ਼ੀਆਂ, ਗੁਰੂਆਂ, ਦੇਸ਼ ਭਗਤਾਂ ਅਤੇ ਬਹਾਦਰ ਲੋਕਾਂ ਦੇ ਦੇਸ਼ ਭਾਰਤ ਵਿਰੁਧ ਹਰ ਤਰ੍ਹਾਂ ਦੀ ਸਾਜ਼ਸ਼ ਤੋਂ ਚੇਤੰਨ ਰਹਿਣ। ਲੋਕ ਜਮਹੂਰੀ ਭਾਰਤ ਦੀ ਉਸਾਰੀ ਲਈ ਜਦੋ ਜਹਿਦ ਕਰ ਰਹੀਆਂ ਜਮਹੂਰੀ ਸ਼ਕਤੀਆਂ ਦਾ ਸਮਰਥਨ ਕਰਨ ਤਾਂ ਜੋ ਬਜ਼ੁਰਗ ਦੇਸ਼ ਭਗਤਾਂ ਦੇ ਸਾਂਝੀਵਾਲਤਾ ਦੇ ਸੁਪਨੇ ਸਾਕਾਰ

ਸਫ਼ਾ -


## ਭਾਰਤੀ ਆਰਟ ਜਿਊਲਰ

**ਸੋਹਣੇ ਗਹਿਣੇ ਭਾਰਤੀ ਡਿਜ਼ਾਇਨਾਂ ਵਿੱਚ ਬਣਾਉਣ ਲਈ ਸਾਡੀ ਦੁਕਾਨ ਤੇ ਆਕੇ ਦਰਸ਼ਨ ਦਿਓ।**

ਅਸੀਂ ਈਸਟ ਇੰਡੀਅਨ ਗਹਿਣੇ ਬਣਾਉਣ 'ਚ ਮਾਹਰ ਅਤੇ ਕਰਾਫਟਵੇਅਰ, ਓਰੀਐਂਟਲ, ਚਾਂਦੀ ਸੋਨੇ ਦੇ ਗਹਿਣਿਆਂ ਦੀ ਮੁਰੰਮਤ ਵੀ ਕਰਦੇ ਹਾਂ। ਅਸੀਂ ਕੰਨਾਂ ਤੇ ਨੱਕ ਲਈ ਪਿੰਜਣ ਵੀ ਬਣਾਉਂਦੇ ਹਾਂ।

**BHARTI ART JEWELLERS**
**6524 MAIN STREET, VANCOUVER B.C.**

**Bus. 327-8711 Res. 879-5610**

# ਕਾਮਨਵੈਲਥ ਕਾਨਫਰੰਸ ਅਤੇ ਸੰਬੰਧਿਤ ਮੀਟਿੰਗਾਂ

ਸੁਸ਼ੀ ਅਮਰਜੀਤ

ਕੈਨੇਡਾ ਦੇ ਸ਼ਹਿਰ ਵੈਨਕੂਵਰ ਵਿਚ 13 ਅਕਤੂਬਰ ਤੋਂ 17 ਅਕਤੂਬਰ ਤੱਕ ਹੋਈ 49 ਕਾਮਨਵੈਲਥ ਦੇਸ਼ਾਂ ਦੀ ਕਾਨਫਰੰਸ ਸਮਾਪਤ ਹੋ ਚੁੱਕੀ ਹੈ। ਕਾਮਨਵੈਲਥ ਇੰਗਲੈਂਡ ਸਮੇਤ ਉਨ੍ਹਾਂ ਦੇਸ਼ਾਂ ਦਾ ਇਕ ਮੰਡਲ ਹੈ, ਜੋ ਕਦੀ ਬਰਤਾਨਵੀ ਸਾਮਰਾਜ ਦੇ ਬਸਤੀਵਾਦੀ ਰਾਜ ਦੇ ਹੇਠ ਗੁਲਾਮ ਰਹੇ ਹਨ। ਇਨ੍ਹਾਂ ਦੇਸ਼ਾਂ ਦੇ ਆਪਸੀ ਵਪਾਰਕ ਸੰਬੰਧਾਂ ਤੋਂ ਬਿਨਾਂ, ਕੁਝ ਰਾਜਨੀਤਕ, ਸਮਾਜੀ ਅਤੇ ਪਰਸਪਰ ਦਿਲਚਸਪੀ ਦੇ ਵਿਸ਼ੇ ਸਮੇਂ ਸਮੇਂ ਵਿਚਾਰ ਅਧੀਨ ਲਿਆਂਦੇ ਜਾਂਦੇ ਹਨ। ਇਹ ਕਾਨਫਰੰਸ ਹਰ ਦੋ ਸਾਲੀਂ ਹੁੰਦੀ ਹੈ। ਇਹ 49 ਦੇਸ਼ ਲਗਪਗ ਸੰਸਾਰ ਦੇ ਦੇਸ਼ਾਂ ਦਾ ਇਕ ਤਿਮਾਹੀ ਹਨ ਅਤੇ ਵਸੋਂ ਦਾ ਚੌਥਾ ਹਿਸਾ ਆਪਣੇ ਘੇਰੇ ਵਿਚ ਲੈਂਦੇ ਹਨ।

ਵੈਨਕੂਵਰ ਵਿਚ ਹੋਈ ਇਸ ਕਾਨਫਰੰਸ ਵਿਚ ਮੁੱਖ ਵਿਸ਼ਾ 'ਦੱਖਣੀ ਅਫਰੀਕਾ ਦੇ ਨਸਲੀ ਭੇਦ ਭਾਵ ਦੇ ਰਾਜ' ਨੂੰ ਖਤਮ ਕਰਨ ਲਈ ਉਥੋਂ ਦੇ ਗੋਰੇ ਨਸਲਵਾਦੀ ਹਾਕਮਾਂ ਉਪਰ ਦਬਾਓ ਪਾਉਣ ਦਾ ਸੀ। ਪਰ ਇਸ ਤੋਂ ਬਿਨਾਂ ਫਿਜ਼ੀ ਅਤੇ ਸ੍ਰੀ ਲੰਕਾ ਦੇ ਵਿਚ ਦੇ ਨਸਲੀ ਸਵਾਲ ਵੀ ਸਨ ਜਿਨ੍ਹਾਂ ਨਾਲ ਭਾਰਤ ਦਾ ਨੇੜੇ ਦਾ ਸਬੰਧ ਹੈ। ਇਸ ਤੋਂ ਬਿਨਾਂ ਨਵੀਂ ਤਕਨੀਕੀ ਪੜ੍ਹਾਈ ਅਤੇ ਆਰਥਕ ਸਹਿਯੋਗ ਆਦਿ ਮਸਲੇ ਵੀ ਵਿਚਾਰ ਅਧੀਨ ਆਏ। ਇਨ੍ਹਾਂ ਵਿਸ਼ਿਆਂ ਸੰਬੰਧੀ ਕਾਮਨਵੈਲਥ ਦੇਸ਼ਾਂ ਦੀਆਂ ਹੋਈਆਂ ਮੀਟਿੰਗਾਂ ਦੀ ਰੋਸ਼ਨੀ ਵਿਚ ਅਸੀਂ ਇਥੇ ਵਿਚਾਰ ਕਰਨਾ ਚਾਹਾਂਗੇ।

## ਦੱਖਣੀ ਅਫਰੀਕਾ

ਸਾਰੇ ਸੰਸਾਰ ਵਿਚ ਦੱਖਣੀ ਅਫਰੀਕਾ ਇਕੋ ਇਕ ਅਜਿਹਾ ਦੇਸ਼ ਹੈ ਜਿਥੇ ਪੰਜਾਹ ਲੱਖ ਗੋਰੀ ਆਬਾਦੀ, ਢਾਈਕਰੋੜ ਕਾਲੇ ਲੋਕਾਂ ਨੂੰ ਸਭੇ ਜਮਹੂਰੀ, ਸਮਾਜੀ, ਬਰਾਬਰਤਾ ਵਾਲੇ ਅਤੇ ਰਾਜਨੀਤਕ ਅਧਿਕਾਰਾਂ ਤੋਂ ਬਾਂਝੇ ਰੱਖ ਕੇ ਘਟੀਆ ਦਰਜੇ ਦੇ ਵਸਨੀਕਾਂ ਦਾ ਜੀਵਨ ਜੀਣ ਉਪਰ ਮਜ਼ਬੂਰ ਕਰ ਰਹੀ ਹੈ। ਕਾਲੇ ਲੋਕ, ਜੋ ਦੇਸ਼ ਦੇ ਮਾਲਕ ਹਨ, ਆਪਣੇ ਦੇਸ਼ ਵਿਚ ਗੁਲਾਮ-ਕੈਦੀਆਂ ਵਾਲਾ ਜੀਵਨ ਬਤੀਤ ਕਰ ਰਹੇ ਹਨ। ਜਦੋਂ ਉਹ ਹੁਣ ਆਪਣੇ ਬਰਾਬਰਤਾ ਦੇ ਹੱਕਾਂ ਲਈ ਸੰਘਰਸ਼ ਦੇ ਰਾਹ ਤੁਰ ਪਏ ਹਨ ਤਾਂ ਗੋਰੀ ਸਰਕਾਰ ਸਗਵਾਂ ਦਮਨ ਚੱਕਰ ਤੇਜ਼ ਕਰ ਰਹੀ ਹੈ। ਦੱਖਣੀ ਅਫਰੀਕਾ ਦੇ ਲੋਕਾਂ ਦਾ ਆਗੂ ਨੈਲਸਨ ਮੰਡੇਲਾ ਪਿਛਲੇ 25 ਸਾਲਾਂ ਤੋਂ ਕੈਦ ਵਿਚ ਸੁਟਿਆ ਹੋਇਆ ਹੈ, ਹੋਰ ਅਨੇਕਾਂ ਰਾਜਨੀਤਕ ਕੈਦੀ ਵੀ ਉਸ ਸਮੇਂ ਤੋਂ ਹੀ ਜੇਲ੍ਹਾਂ ਵਿਚ ਹਨ।

ਅੱਜ ਸਾਰੇ ਸੰਸਾਰ ਦੇ ਲੋਕ ਇਕ ਆਵਾਜ਼ ਹੋ ਕੇ ਇਸ ਗੈਰ ਇਨਸਾਨੀ ਨਸਲੀ ਭੇਦ-ਭਾਵ ਦੇ ਰਾਜ ਪ੍ਰਬੰਧ ਨੂੰ ਖਤਮ ਕਰਨ ਦੀ ਮੰਗ ਕਰ ਰਹੇ ਹਨ। ਯੂ. ਐਨ. ਓ. ਵਲੋਂ ਮਤੇ ਪਾਸ ਕੀਤੇ ਗਏ ਹਨ ਕਿ ਇਸ ਗੈਰ ਮਨੁੱਖੀ ਰਾਜ ਨੂੰ ਖਤਮ ਕਰਕੇ ਸਭਨਾਂ ਲੋਕਾਂ ਨੂੰ ਬਰਾਬਰ ਦੇ ਹੱਕ ਦਿੱਤੇ ਜਾਣ। ਹਰ ਇਕ ਨੂੰ ਵੋਟ ਦਾ ਹੱਕ ਦਿਤਾ ਜਾਵੇ। ਪਰ ਨਸਲਵਾਦੀ ਸਰਕਾਰ ਅਮਰੀਕਾ ਅਤੇ ਇੰਗਲੈਂਡ ਦੀ ਸਹਾਇਤਾ ਨਾਲ ਨਸਲੀ ਰਾਜ ਪ੍ਰਬੰਧ ਨੂੰ ਕਾਇਮ ਰਖਦੀ ਹੋਈ, ਇਸ ਨੂੰ ਖਤਮ ਕਰਨ ਦੀ ਮੰਗ ਕਰਨ ਵਾਲੇ ਲੋਕਾਂ ਨੂੰ ਹਜ਼ਾਰਾਂ ਦੀ ਗਿਣਤੀ ਵਿਚ ਕਤਲ ਕਰ ਰਹੀ ਹੈ ਅਤੇ ਹਜ਼ਾਰਾਂ ਦੀ ਗਿਣਤੀ ਵਿਚ ਜੇਲ੍ਹਾਂ ਵਿਚ ਲੰਮੀਆਂ ਕੈਦਾਂ ਕਰਕੇ ਬੰਦ ਕਰ ਰਹੀ ਹੈ।

ਦੱਖਣੀ ਅਫਰੀਕਾ ਦੀ ਨਸਲਵਾਦੀ ਸਰਕਾਰ ਜਦੋਂ ਅਪੀਲਾਂ ਨੂੰ ਅਣਸੁਣਿਆ ਕਰ ਰਹੀ ਹੈ ਤਾਂ ਇਸ ਨੂੰ ਨਸਲਵਾਦੀ ਪ੍ਰਬੰਧ ਦੇ ਖਤਮ ਕਰਨ ਲਈ ਦਬਾਓ ਪਾਉਣ ਵਾਸਤੇ ਇਹ ਰਾਹ ਕੱਢਿਆ ਗਿਆ ਕਿ ਉਸ ਦੇ ਨਾਲ ਸਾਰੇ ਦੇਸ਼ ਆਪਣਾ ਵਪਾਰ ਬੰਦ ਕਰ ਦੇਣ। ਇਸ ਤਰ੍ਹਾਂ ਬਹੁਤ ਸਾਰੇ ਦੇਸ਼ਾਂ ਖਾਸ ਕਰਕੇ ਭਾਰਤ, ਸੋਵੀਅਤ ਯੂਨੀਅਨ, ਚੀਨ ਅਤੇ ਹੋਰ ਸਮਾਜਵਾਦੀ ਅਤੇ ਅਫਰੀਕੀ ਮਹਾਂਦੀਪ ਦੇ ਦੇਸ਼ ਤਾਂ ਮੁਕੰਮਲ ਤੌਰ ਉਪਰ, ਉਸ ਦਾ ਆਰਥਕ-ਵਪਾਰਕ ਬਾਈਕਾਟ ਕਰ ਰਹੇ ਹਨ। ਕੁਝ ਦੇਸ਼ਾਂ ਜਿਵੇਂ ਕੈਨੇਡਾ, ਆਸਟਰੇਲੀਆ, ਨੀਊਜ਼ੀਲੈਂਡ ਅਤੇ ਹੋਰਾਂ ਕਈਆਂ ਨੇ ਅੱਧਾ ਜਾਂ ਅੱਧ ਤੋਂ ਵੱਧ ਆਰਥਕ ਬਾਈਕਾਟ ਕਰ ਰੱਖਿਆ ਹੈ।

ਇੰਗਲੈਂਡ ਅਤੇ ਅਮਰੀਕਾ ਕੋਈ ਵੀਹ ਅਰਬ ਤੋਂ ਵੱਧ ਦਾ ਸਾਲਾਨਾ ਵਪਾਰ ਦੱਖਣੀ ਅਫਰੀਕਾ ਨਾਲ ਕਰ ਰਹੇ ਹਨ। ਪਰ ਅਸੀਂ ਇਥੇ ਇੰਗਲੈਂਡ ਦੀ ਹੀ ਗੱਲ ਕਰ ਰਹੇ ਹਾਂ ਕਿਉਂਕਿ ਉਹ ਕਾਮਨਵੈਲਥ ਦਾ ਮੁੱਢਲਾ ਮੈਂਬਰ ਹੈ। ਇਹ ਬਾਈਕਾਟ ਦੇ ਵਿਰੁਧ ਹੈ। ਦਲੀਲ ਇਹ ਦਿੱਤੀ ਜਾ ਰਹੀ ਹੈ ਕਿ ਅਜਿਹਾ ਕਰਨ ਨਾਲ ਦੱਖਣੀ ਅਫਰੀਕਾ ਦੇ ਕਾਲੇ ਲੋਕਾਂ ਦੀਆਂ ਮੁਸ਼ਕਲਾਂ ਵਿਚ ਵਾਧਾ ਹੋਵੇਗਾ। ਜਦੋਂ ਕਿ ਦੱਖਣੀ ਅਫਰੀਕਾ ਦੇ ਕਾਲੇ ਲੋਕਾਂ ਦੀ ਮੁਖ ਪ੍ਰਤੀਨਿਧ ਜੱਥੇਬੰਦੀ **ਅਫਰੀਕਨ ਨੈਸ਼ਨਲ ਕਾਂਗਰਸ ਅਤੇ ਸਾਂਝਾ ਜਮਹੂਰੀ ਫਰੰਟ** ਇਹ ਜ਼ੋਰਦਾਰ ਮੰਗ ਕਰ ਰਹੇ ਹਨ ਕਿ ਆਰਥਕ ਪਾਬੰਦੀਆਂ ਲਾਈਆਂ ਜਾਣ। ਉਹ ਕਹਿ ਰਹੇ ਹਨ ਕਿ ਅਸੀਂ ਜਿਥੇ ਅਗੇ ਦੁੱਖ ਭਰ ਰਹੇ ਹਾਂ, ਉਥੇ ਅਸੀਂ ਹੋਰ ਕਸ਼ਟ ਝੱਲਣ ਲਈ ਤਿਆਰ ਹਾਂ। ਪਰ ਇਹ ਦੋਵੇਂ ਦੇਸ਼ ਕਾਲੇ ਲੋਕਾਂ ਦੀਆਂ ਮੁਸ਼ਕਲਾਂ ਦਾ ਵਾਵੇਲਾ ਪਾ ਰਹੇ ਹਨ।

ਕਾਮਨਵੈਲਥ ਦੇਸ਼ਾਂ ਦੀ ਇਸ ਵੈਨਕੂਵਰ ਮੀਟਿੰਗ ਵਿਚ ਇਸ ਸਵਾਲ ਨੂੰ, ਮੇਜ਼ਬਾਨ ਦੇਸ਼ ਕੈਨੇਡਾ ਦੇ ਪ੍ਰਧਾਨ ਮੰਤਰੀ ਨੇ ਕਾਨਫਰੰਸ ਨੂੰ ਆਰੰਭ ਕਰਦਿਆਂ ਜ਼ੋਰਦਾਰ ਸ਼ਬਦਾਂ ਵਿਚ ਆਰਥਕ ਪਾਬੰਦੀਆਂ ਹੋਰ ਕਰੜੀਆਂ ਕਰਨ ਦਾ ਸੁਝਾ ਦਿੱਤਾ, ਜਿਸ ਨਾਲ 48 ਦੇਸ਼ ਪੂਰੀ ਤਰ੍ਹਾਂ ਸਹਿਮਤ ਹੋ ਗਏ, ਪਰ ਇਕੱਲੀ ਇੰਗਲੈਂਡ ਦੀ ਪ੍ਰਧਾਨ ਮੰਤਰੀ ਸ੍ਰੀਮਤੀ ਮਾਰਗਰੇਟ ਥੈਚਰ ਆਪਣੀ ਰਵਾਇਤੀ ਜ਼ਿੱਦੀ ਸੁਭਾਓ ਦਾ ਵਿਖਾਵਾ ਕਰਦੀ ਹੋਈ 'ਮੈਂ ਨਾ ਮਾਨੂੰ' ਦੀ ਮੁਹਾਰਨੀ ਦੀ ਰਟ ਲਾਈ ਗਈ। ਉਸ ਦੇ ਇਸ ਤਰ੍ਹਾਂ ਦੇ ਗਲਤ ਵਤੀਰੇ ਦੀ ਭਾਵੇਂ ਸਭਨਾਂ ਦੇਸ਼ਾਂ ਦੇ ਮੁਖੀਆਂ ਨੇ ਨੁਕਤਾਚੀਨੀ ਕੀਤੀ, ਪਰ ਜ਼ੰਬਾਵੇ ਦੇ ਪ੍ਰਧਾਨ ਮੰਤਰੀ ਸ੍ਰੀ ਮੁਗਾਬੀ ਨੇ ਸਪਸ਼ਟ ਸ਼ਬਦਾਂ ਵਿਚ ਕਿਹਾ ਕਿ ਇੰਗਲੈਂਡ ਦੀ ਪ੍ਰਧਾਨ ਮੰਤਰੀ ਨੂੰ ਪੂਰਾ ਹੱਕ ਹੈ ਕਿ ਉਹ ਜਾਣਦੀ ਬੁਝਦੀ ਹੋਈ ਗਲਤੀ ਕਰੇ। ਪਰ ਇਹ ਇਮਾਨਦਾਰਾਨਾ ਸਟੈਂਡ ਨਹੀਂ ਹੈ। ਇਹ ਇੰਗਲੈਂਡ ਦੇ ਵਪਾਰਕ ਮੁਨਾਫੇ ਦੇ ਹਿੱਤਾਂ ਨੂੰ ਧਿਆਨ ਵਿਚ ਰੱਖਦਿਆਂ ਸੁਆਰਥੀ ਸਟੈਂਡ ਹੈ। ਸ੍ਰੀਮਤੀ ਥੈਚਰ ਆਪਣੇ ਅਜਿਹੇ ਵਤੀਰੇ ਦਾ ਵਿਖਾਵਾ ਕਰਕੇ ਇੰਗਲੈਂਡ ਦੇ ਲੋਕਾਂ ਦੀ ਵੋਟ ਤਾਂ ਲੈ ਸਕਦੀ ਹੈ, ਪਰ ਸਾਡੇ ਵੋਟ ਨਹੀਂ। ਇਸ ਤਰ੍ਹਾਂ ਹੀ ਜ਼ਾਂਬੀਆਂ ਦੇ ਸ੍ਰੀ ਕੌਂਡਾ ਨੇ ਵੀ ਸਖਤ ਸ਼ਬਦਾਂ ਵਿਚ ਨਿਖੇਧੀ ਕੀਤੀ। ਭਾਰਤ ਦੇ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਨੇ ਕਿਹਾ ਕਿ ਇੰਗਲੈਂਡ ਨਾਲ ਬਹਿਸ ਕਰਕੇ ਸਮਾਂ ਬਰਬਾਦ ਕਰਨ ਦੀ ਕੋਈ ਲੋੜ ਨਹੀਂ ਹੈ।

ਕੈਨੇਡਾ ਦਾ ਇਸ ਮਸਲੇ ਉਪਰ ਸਟੈਂਡ ਬੜਾ ਹੀ ਸ਼ਾਨਦਾਰ ਰਿਹਾ, ਜਿਸ ਦੀ ਹਰ ਇਕ ਨੇ ਸਰਾਹਨਾ ਕੀਤੀ ਹੈ। ਬਦੇਸ਼ ਮੰਤਰੀ ਸ੍ਰੀ ਜੋਅ ਕਲਾਰਕ ਨੇ ਕਿਹਾ ਕਿ ਜੋ ਇਹ ਕਿਹਾ ਜਾ ਰਿਹਾ ਹੈ ਕਿ ਪਹਿਲਾਂ ਲਾਈਆਂ ਆਰਥਕ ਪਾਬੰਦੀਆਂ ਦਾ ਦੱਖਣੀ ਅਫਰੀਕਾ ਉਪਰ ਕੋਈ ਅਸਰ ਨਹੀਂ ਹੋਇਆ, ਇਹ ਬਿਲਕੁਲ ਗਲਤ ਹੈ। ਇਨ੍ਹਾਂ ਪਾਬੰਦੀਆਂ ਦੇ ਅਸਰ ਬਾਰੇ ਤਾਂ ਦੱਖਣੀ ਅਫਰੀਕਾ ਦੇ ਇਕ ਮੰਤਰੀ ਨੇ ਇਕਬਾਲ ਕੀਤਾ ਹੈ ਕਿ ਇਸ ਦਾ ਅਸਰ ਹੋ ਰਿਹਾ ਹੈ। ਸ੍ਰੀ ਕਲਾਰਕ ਨੇ ਕਿਹਾ ਕਿ 48 ਦੇਸ਼ਾਂ ਦੇ ਸਮੁੱਚੇ ਆਰਥਕ ਵਪਾਰ ਨਾਲੋਂ ਕਿਤੇ ਵੱਧ ਇਕੱਲਾ ਇੰਗਲੈਂਡ ਹੀ ਦੱਖਣੀ

ਅਫਰੀਕਾ ਨਾਲ ਵਪਾਰ ਕਰਦਾ ਹੈ। ਇਸ ਲਈ ਜੇ ਕਰ ਇੰਗਲੈਂਡ ਆਰਥਕ ਬਾਈਕਾਟ ਕਰੇ ਤਾਂ ਅਸਰ ਛੇਤੀ ਹੀ ਹੋ ਜਾਵੇਗਾ। ਇਨ੍ਹਾਂ ਪਾਬੰਦੀਆਂ ਦਾ ਅਸਰ ਏਸੇ ਲਈ ਨਹੀਂ ਹੋ ਰਿਹਾ ਕਿ ਇੰਗਲੈਂਡ ਪਾਬੰਦੀਆਂ ਨਹੀਂ ਲਾ ਰਿਹਾ ਹੈ।

ਉੜਕ ਇਕ ਅੱਠ ਮੈਂਬਰੀ ਕਮੇਟੀ ਆਰਥਕ ਪਾਬੰਦੀਆਂ ਹੋਰ ਕਰੜੀਆਂ ਕਰਨ ਬਾਰੇ ਸਲਾਹ ਮਸ਼ਵਰਾ ਕਰਨ ਲਈ, ਬਣਾਈ ਗਈ ਹੈ। ਕੈਨੇਡਾ ਉਸ ਦਾ ਚੇਅਰਮੈਨ ਹੈ।

ਇਸ ਤਰ੍ਹਾਂ ਇੰਗਲੈਂਡ ਦੀ ਇਕ ਵੱਡੀ ਰਾਜਨੀਤਕ ਹਾਰ ਹੋਣ ਦੇ ਨਾਲ, ਉਹ ਬਾਕੀ ਕਾਮਨਵੈਲਥ ਦੇਸ਼ਾਂ ਅਤੇ ਉਨ੍ਹਾਂ ਦੇ ਲੋਕਾਂ ਦੀ ਨਜ਼ਰ ਵਿਚ ਉਸ ਦੀ ਖੁਦਗਰਜ਼ੀ ਵਾਲੀ ਪਤਲੀ ਹਾਲਤ ਉਭਰ ਕੇ ਸਾਹਮਣੇ ਆ ਗਈ ਹੈ। ਇਹੋ ਹੀ ਨਹੀਂ ਬਾਕੀ ਸੰਸਾਰ ਦੇ ਲੋਕਾਂ ਉਪਰ ਵੀ ਇਸ ਦਾ ਅਸਰ ਲਾਜ਼ਮੀ ਪਵੇਗਾ। ਭਾਵੇਂ ਕਿ ਕਾਨਫਰੰਸ ਦੇ ਅੰਤ ਉਪਰ ਸ੍ਰੀਮਤੀ ਥੈਚਰ ਨੇ ਢੀਠਾਂ ਵਾਂਗੂੰ ਫੜ ਮਾਰ ਦਿੱਤੀ ਕਿ ਇੰਗਲੈਂਡ ਦੀ ਵੱਡੀ ਜਿੱਤ ਹੋਈ ਹੈ। ਕੋਈ ਨਵੀਆਂ ਪਾਬੰਦੀਆਂ ਨਹੀਂ ਲਾਈਆਂ ਗਈਆਂ। ਜਦੋਂ ਕਿ ਨਵੀਆਂ ਪਾਬੰਦੀਆਂ ਲਾਉਣ ਲਈ ਅੱਠ ਮੈਂਬਰੀ ਕਮੇਟੀ ਕਾਇਮ ਹੋ ਚੁਕੀ ਹੈ, ਇੰਗਲੈਂਡ ਉਸ ਵਿਚੋਂ ਖਾਰਜ ਕਰ ਦਿੱਤਾ ਗਿਆ ਹੈ।

ਅਖਬਾਰਾਂ, ਰੇਡੀਓ ਅਤੇ ਟੈਲੀਵੀਜ਼ਨ ਨੇ ਖਬਰਾਂ ਦੁਆਰਾ ਇਹ ਪ੍ਰਭਾਵ ਦੇਣ ਦੀ ਕੋਸ਼ਿਸ਼ ਕੀਤੀ ਹੈ ਕਿ ਦੱਖਣੀ ਅਫਰੀਕਾ ਦੇ ਮਸਲੇ ਉਪਰ ਕਾਮਨਵੈਲਥ ਦੇਸ਼ ਵੰਡੇ ਗਏ, ਪਰ ਵੰਡ ਤਾਂ ਤਦ ਹੁੰਦੀ ਜੇਕਰ ਕੁਝ ਦੇਸ਼ ਇਕ ਪਾਸੇ, ਕੁਝ ਦੂਜੇ ਪਾਸੇ ਹੁੰਦੇ, ਹੁਣ ਤਾਂ ਇੰਗਲੈਂਡ ਇਕੱਲਾ ਨਿਖੜ ਗਿਆ ਹੈ ਕਿ ਉਹ ਨਸਲਵਾਦੀ ਅਫਰੀਕਾ ਦੀ ਨੀਤੀ ਨੂੰ ਕਾਇਮ ਰਖਣ ਵਿਚ ਸਹਾਈ ਹੋ ਰਿਹਾ ਹੈ।

## ਫਿਜ਼ੀ ਦਾ ਸਵਾਲ

ਜਿਵੇਂ ਕਿ ਪਤਾ ਹੀ ਹੈ ਕਿ ਫਿਜ਼ੀ ਵਿਚ ਇਸ ਸਾਲ ਦੇ ਸ਼ੁਰੂ ਵਿਚ ਹੋਈਆਂ ਚੋਣਾਂ ਵਿਚ ਭਾਰਤੀ ਮੂਲ ਦੇ ਲੋਕਾਂ ਦੀ ਪਾਰਟੀ ਜਿੱਤ ਗਈ ਸੀ, ਜਿਸ ਵਿਚ 20 ਫੀਸਦੀ ਫਿਜ਼ੀਅਨ ਮਿਲਾਏਨੇਸ਼ੀਅਨ ਲੋਕ ਵੀ ਸ਼ਾਮਲ ਸਨ। ਕਿਉਂਕਿ ਇਹ ਜੇਤੂ ਪਾਰਟੀ ਖੱਬੇ ਪੱਖੀ ਵਿਚਾਰਾਂ ਦੀ ਪਾਰਟੀ ਸੀ ਇਸ ਲਈ ਅਮਰੀਕੀ ਸਾਮਰਾਜ ਦੇ ਅਸ਼ੀਰਵਾਦ ਨਾਲ ਫੌਜੀ ਰਾਜ ਪਲਟਾ ਕਰਵਾ ਕੇ ਉਥੇ ਫੌਜੀ ਡਿਕਟੇਟਰਸ਼ਿਪ ਸਥਾਪਤ ਕਰ ਦਿੱਤੀ ਗਈ ਹੈ। ਇਸ ਇਸ ਉਪਰ ਕਿਸੇ ਸਾਮਰਾਜੀ ਦੇਸ਼ ਅਤੇ ਉਨ੍ਹਾਂ ਦੇ ਪਿਠੂਆਂ ਨੂੰ ਤਕਲੀਫ ਨਹੀਂ ਹੋਈ ਕਿ ਜਮਹੂਰੀ ਢੰਗ ਨਾਲ ਚੁਣੀ ਸਰਕਾਰ ਨੂੰ ਉਲਟਾ ਦਿੱਤਾ ਗਿਆ ਹੈ। ਇਹੋ ਨਹੀਂ ਉਨ੍ਹਾਂ ਦੇ ਬਰਾਬਰਤਾ ਦੇ ਹੱਕ ਖੋਹ ਲਏ ਗਏ ਹਨ। ਇਹ ਤਕਲੀਫ ਇਸ ਕਰਕੇ ਨਹੀਂ ਹੋਈ ਕਿ ਇਹ ਚੁਣੀ ਹੋਈ ਸਰਕਾਰ ਆਮ ਲੋਕਾਂ ਦੇ ਹਿੱਤਾਂ ਲਈ ਕੁਝ ਖੱਬੇ ਪੱਖੀ ਨੀਤੀਆਂ ਤੇ ਅਮਲ ਕਰਨਾ ਚਾਹੁੰਦੀ ਸੀ। ਇਸ ਲਈ ਫੌਜੀ ਰਾਬੂਕਾ ਤੋਂ ਰਾਜਪਲਟਾ ਕਰਵਾ ਦਿੱਤਾ ਗਿਆ।

ਕਾਮਨਵੈਲਥ ਦੇਸ਼ਾਂ ਵਿਚ ਸ੍ਰੀਮਤੀ ਥੈਚਰ ਦੀ ਸੁਰ ਫਿਰ ਡਿਕਟੇਟਰ ਫੌਜੀ ਰਾਬੂਕਾ ਦੇ ਪੱਖ ਵਿਚ ਆ ਰਹੀ ਸੀ ਕਿ ਉਸ ਨੂੰ ਕਾਮਨਵੈਲਥ ਦਾ ਮੈਂਬਰ ਬਣਾਈ ਰੱਖਣਾ ਚਾਹੀਦਾ ਹੈ। ਇਸ ਦੇ ਉਲਟ ਕਾਮਨਵੈਲਥ ਦੇਸ਼ਾਂ ਨੇ ਫਿਜ਼ੀ ਨੂੰ ਕਾਮਨਵੈਲਥ ਵਿਚੋਂ ਕੱਢ ਦਿੱਤਾ ਹੈ, ਇੰਗਲੈਂਡ ਨੂੰ ਇਥੇ ਉਨ੍ਹਾਂ ਦੇ ਨਾਲ ਸਹਿਮਤ ਹੋਣਾ ਪਿਆ ਹੈ।

ਇਹ ਮਨੁੱਖੀ ਅਧਿਕਾਰਾਂ ਦੇ ਵੱਡੇ ਚਹੇਤੇ ਪੂਰੇ ਜ਼ੋਰ ਸ਼ੋਰ ਨਾਲ ਫਿਜ਼ੀ ਦੇ ਡਿਕਟੇਟਰ ਦੇ ਨਸਲਵਾਦੀ ਕਦਮ ਦੀ ਨਿਖੇਧੀ ਵੀ ਨਹੀਂ ਕਰ ਸਕੇ।

## ਸ੍ਰੀ ਲੰਕਾ ਦਾ ਸਵਾਲ

ਸ੍ਰੀਲੰਕਾ ਵਿਚ ਤਾਮਲ ਲੋਕਾਂ ਦੀਆਂ ਆਪਣੀਆਂ ਹੱਕੀ ਮੰਗਾਂ ਲਈ ਜੋ ਹਥਿਆਰਬੰਦ ਸੰਘਰਸ਼ ਚੱਲ ਰਿਹਾ ਸੀ, ਉਸ ਦਾ ਅੰਤ ਭਾਰਤ ਅਤੇ ਸ੍ਰੀ ਲੰਕਾ ਵਿਚਕਾਰ ਹੋਈ ਅਮਨ ਸੰਧੀ ਨਾਲ ਹੋ ਗਿਆ ਸੀ। ਪਰ ਤਾਮਿਲ ਟੈਗਰ ਨਾਂ ਦੀ ਗੁਰੀਲਾ ਜਥੇਬੰਦੀ ਨੇ ਇਸ ਉਪਰ ਅਮਲ ਕਰਨ ਤੋਂ ਇਨਕਾਰ ਕਰ ਦਿੱਤਾ ਹੈ। ਇਸੇ ਕਾਰਨ ਇਹ ਕਤਲੋਗਾਰਤ ਬੰਦ ਹੋ ਕੇ ਮੁੜ ਤੋਂ ਸ਼ੁਰੂ ਹੋ ਗਈ। ਤਾਮਿਲ ਟੈਗਰਾਂ ਨੇ ਹਥਿਆਰ ਸੁਟਣ ਤੋਂ ਇਨਕਾਰ ਕਰਕੇ, ਹੋਏ ਸਮਝੌਤੇ ਨੂੰ ਖਤਮ ਕਰਨ ਦੀ ਕੋਸ਼ਿਸ਼ ਕੀਤੀ ਹੈ ਜਿਸ ਉਪਰ ਭਾਰਤੀ ਸ਼ਾਂਤੀ-ਸੈਨਾ ਨੂੰ ਸਖਤ ਕਦਮ ਚੁੱਕਣਾ ਪਿਆ ਹੈ। ਇਸ ਝਗੜੇ ਦਾ ਕਾਰਨ ਭਾਵੇਂ ਹੱਕੀ ਸੀ। ਪਰ ਹੁਣ ਜਦੋਂ ਕਿ ਸਮਝੌਤਾ ਹੋ ਚੁਕਿਆ ਹੈ ਅਤੇ ਜਿਸ ਨੂੰ ਸ੍ਰੀਲੰਕਾ ਦੀ ਸਰਕਾਰ ਮੰਨਣ ਲਈ ਤਿਆਰ ਹੈ, ਪਰ ਸਾਮਰਾਜੀ ਏਜੰਸੀਆਂ ਦੇ ਇਸ਼ਾਰੇ ਉਪਰ ਤਾਮਲ ਟੈਗਰਾਂ ਦਾ ਇਕ ਧੜਾ ਉਸ ਨੂੰ ਖੇਰੂੰ ਖੇਰੂੰ ਕਰਨਾ ਚਾਹੁੰਦਾ ਹੈ।

ਇਸ ਝਗੜੇ ਦੇ ਕਾਰਨ ਸ੍ਰੀ ਲੰਕਾ ਦਾ ਪ੍ਰਧਾਨ ਜੈਵਰਧਨੇ ਕਾਮਨਵੈਲਥ ਕਾਨਫਰੰਸ ਵਿਚ ਹਾਜ਼ਰ ਨਹੀਂ ਹੋ ਸਕਿਆ। ਪ੍ਰੰਤੂ ਉਨ੍ਹਾਂ ਇਕ ਸੁਨੇਹੇ ਵਿਚ ਅਮਨ ਸਮਝੌਤੇ ਦੀ ਪ੍ਰਸ਼ੰਸਾ ਕੀਤੀ ਅਤੇ ਭਾਰਤ ਦੀ ਇਸ ਲਈ ਸਰਾਹਨਾ ਕਰਦਿਆਂ, ਉਨ੍ਹਾਂ ਕਾਨਫਰੰਸ ਦੇ ਨਾਂ ਇਕ ਸੁਨੇਹੇ ਵਿਚ ਇਸ ਨੂੰ ਕਾਮਨਵੈਲਥ ਦੀ ਜਿੱਤ ਕਰਾਰ ਦਿੱਤਾ ਹੈ।

## ਖਾਲਿਸਤਾਨੀਆਂ ਦਾ ਜਲੂਸ

12 ਅਕਤੂਬਰ ਨੂੰ ਵੈਨਕੂਵਰ ਦੇ ਖਾਲਿਸਤਾਨੀਆਂ ਹਜ਼ਾਰਾਂ ਡਾਲਰਾਂ ਦੀ ਇਸ਼ਤਿਹਾਰਬਾਜ਼ੀ ਕਰਕੇ ਇਕ ਮੁਜ਼ਾਹਰਾ ਭਾਰਤ ਦੇ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦੇ ਵਿਰੁਧ, ਖਾਲਿਸਤਾਨ ਦੀ ਮੰਗ ਕਰਨ ਲਈ ਕੀਤਾ। ਵੈਨਕੂਵਰ 'ਸਨ' ਅਤੇ ਗਲੋਬ ਐਂਡ ਮੇਲ ਵਿਚ ਦਿੱਤੇ ਇਸ਼ਤਿਹਾਰ ਦਸ ਹਜ਼ਾਰ ਡਾਲਰ ਤੋਂ ਘੱਟ ਨਹੀਂ ਹਨ। ਹੋਰ ਬਾਕੀ ਪ੍ਰਬੰਧ


**DOSANJH & PIRANI**

**#202 - 5887 Victoria Drive, Vancouver, B.C. V5P 3W5**

**Phone 327-6381**

● ਪਰਸਨਲ ਸੱਟਾਂ ਦੀ ਇਨਸ਼ੋਰੈਂਸ ਦੇ ਕੇਸ ● ਜ਼ਮੀਨ ਖ੍ਰੀਦਣ ਤੇ ਵੇਚਣ ਦੇ ਕਾਗਜ਼ਾਤ
● ਵਿਉਪਾਰਕ ਮਸਲੇ ● ਪ੍ਰਵਾਰ ਤੇ ਤਲਾਕ ● ਫੌਜਦਾਰੀ ਤੇ ਸਿਵਲ ● ਕੋਰਟ ਟਰਾਇਲ

ਸਨ । ਕਿਉਂਕਿ ਇਹ ਜੜ੍ਹ ਪਾਰਟੀ ਖਬ ਪਖੀ ਵਿਚਾਰਾਂ ਦੀ ਪਾਰਟੀ ਸੀ ਇਸ ਲਈ ਅਮਰੀਕੀ ਸਾਮਰਾਜ ਦੇ ਅਸ਼ੀਰਵਾਦ ਨਾਲ ਫੌਜੀ ਰਾਜ ਪਲਟਾ ਕਰਵਾ ਕੇ ਉਥੇ ਫੌਜੀ ਡਿਕਟੇਟਰਸ਼ਿਪ ਸਥਾਪਤ ਕਰ ਦਿੱਤੀ ਗਈ ਹੈ। ਇਸ ਇਸ ਉਪਰ ਕਿਸੇ ਸਾਮਰਾਜੀ ਦੇਸ਼ ਅਤੇ ਉਨ੍ਹਾਂ ਦੇ ਪਿਠੂਆਂ ਨੂੰ ਤਕਲੀਫ ਨਹੀਂ ਹੋਈ ਕਿ ਜਮਹੂਰੀ ਢੰਗ ਨਾਲ ਚੁਣੀ ਸਰਕਾਰ ਨੂੰ ਉਲਟਾ ਦਿੱਤਾ ਗਿਆ ਹੈ। ਇਹੋ ਨਹੀਂ ਉਨ੍ਹਾਂ ਦੇ ਬਰਾਬਰਤਾ ਦੇ ਹੱਕ ਖੋਹ ਲਏ ਗਏ ਹਨ। ਇਹ ਤਕਲੀਫ ਇਸ ਕਰਕੇ ਨਹੀਂ ਹੋਈ ਕਿ ਇਹ ਚੁਣੀ ਹੋਈ ਸਰਕਾਰ ਆਮ ਲੋਕਾਂ ਦੇ ਹਿਤਾਂ ਲਈ ਕੁਝ ਖੱਬੇ ਪੱਖੀ ਨੀਤੀਆਂ ਤੇ ਅਮਲ ਕਰਨਾ ਚਾਹੁੰਦੀ ਸੀ। ਇਸ ਲਈ ਫੌਜੀ ਰਾਬੂਕਾ ਤੋਂ ਰਾਜਪਲਟਾ ਕਰਵਾ ਦਿੱਤਾ ਗਿਆ।

ਕਾਮਨਵੈਲਥ ਦੇਸ਼ਾਂ ਵਿਚ ਸ੍ਰੀਮਤੀ ਥੈਚਰ ਦੀ ਸੁਰ ਫਿਰ ਡਿਕਟੇਟਰ ਫੌਜੀ ਰਾਬੂਕਾ ਦੇ ਪੱਖ ਵਿਚ ਆ ਰਹੀ ਸੀ ਕਿ ਉਸ ਨੂੰ ਕਾਮਨਵੈਲਥ ਦਾ ਮੈਂਬਰ ਬਣਾਈ ਰੱਖਣਾ ਚਾਹੀਦਾ ਹੈ। ਇਸ ਦੇ ਉਲਟ ਕਾਮਨਵੈਲਥ ਦੇਸ਼ਾਂ ਨੇ ਫਿਜ਼ੀ ਨੂੰ ਕਾਮਨਵੈਲਥ ਵਿਚੋਂ ਕੱਢ ਦਿੱਤਾ ਹੈ, ਇੰਗਲੈਂਡ ਨੂੰ ਇਥੇ ਉਨ੍ਹਾਂ ਦੇ ਨਾਲ ਸਹਿਮਤ ਹੋਣਾ ਪਿਆ ਹੈ।

ਇਹ ਮਨੁੱਖੀ ਅਧਿਕਾਰਾਂ ਦੇ ਵੱਡੇ ਚਹੇਤੇ ਪੂਰੇ ਜ਼ੋਰ ਸ਼ੋਰ ਨਾਲ ਫਿਜ਼ੀ ਦੇ ਡਿਕਟੇਟਰ ਦੇ ਨਸਲਵਾਦੀ ਕਦਮ ਦੀ ਨਿਖੇਧੀ ਵੀ ਨਹੀਂ ਕਰ ਸਕੇ।

## ਸ੍ਰੀ ਲੰਕਾ ਦਾ ਸਵਾਲ

ਸ੍ਰੀਲੰਕਾ ਵਿਚ ਤਾਮਲ ਲੋਕਾਂ ਦੀਆਂ ਆਪਣੀਆਂ ਹੱਕੀ ਮੰਗਾਂ ਲਈ ਜੋ ਹਥਿਆਰਬੰਦ ਸੰਘਰਸ਼ ਚੱਲ ਰਿਹਾ ਸੀ, ਉਸ ਦਾ ਅੰਤ ਭਾਰਤ ਅਤੇ ਸ੍ਰੀ ਲੰਕਾ ਵਿਚਕਾਰ ਹੋਈ ਅਮਨ ਸੰਧੀ ਨਾਲ ਹੋ ਗਿਆ ਸੀ। ਪਰ ਤਾਮਿਲ ਟੈਗਰ ਨਾਂ ਦੀ ਗੁਰੀਲਾ ਜਥੇਬੰਦੀ ਨੇ ਇਸ ਉਪਰ ਅਮਲ ਕਰਨ ਤੋਂ ਇਨਕਾਰ ਕਰ ਦਿੱਤਾ ਹੈ। ਇਸੇ ਕਾਰਨ ਇਹ ਕਤਲੋਗਾਰਤ ਬੰਦ ਹੋ ਕੇ ਮੁੜ ਤੋਂ ਸ਼ੁਰੂ ਹੋ ਗਈ। ਤਾਮਿਲ ਟੈਗਰਾਂ ਨੇ ਹਥਿਆਰ ਸੁਟਣ ਤੋਂ ਇਨਕਾਰ ਕਰਕੇ, ਹੋਏ ਸਮਝੌਤੇ ਨੂੰ ਖਤਮ ਕਰਨ ਦੀ ਕੋਸ਼ਿਸ਼ ਕੀਤੀ ਹੈ ਜਿਸ ਉਪਰ ਭਾਰਤੀ ਸ਼ਾਂਤੀ-ਸੈਨਾ ਨੂੰ ਸਖਤ ਕਦਮ ਚੁੱਕਣਾ ਪਿਆ ਹੈ।

ਕੇ, ਘੱਟ ਗਿਣਤੀਆਂ ਦੀ ਰੱਖਿਆ ਅਤੇ ਰਾਜ ਸੱਤਾ ਦੇ ਕੇਂਦਰੀਕਰਨ ਦੇ ਨਾਂ ਉਤੇ ਜੋ "ਕਾਮਨਵੈਲਥ" ਦਾ ਜਲਸਾ ਕੀਤਾ, ਉਸ ਵਿਚੋਂ ਦਰਸ਼ਕਾਂ ਨੇ ਇਪਾਨਾ ਵਲੋਂ ਆਪਣੇ ਅਸੂਲਾਂ ਨੂੰ ਤਿਆਗ ਕੇ ਘਟੀਆ ਕਿਸਮ ਦੀ ਮੌਕਾਪ੍ਰਸਤੀ ਦਾ ਸਹਾਰਾ ਲੈਂਦੇ ਹੀ ਦੇਖਿਆ ਹੈ। ਇਪਾਨਾ ਦੇ ਮੁਖ ਮਹਿਮਾਨ ਸ਼ਹਾਬੋਦੀਨ ਬਾਰੇ "ਵੰਗਾਰ" ਵਿਚ ਜੋ ਲਿਖਿਆ ਕਿ ਉਹ ਧਰਮ ਨਿਰਪੱਖ ਹੈ ਅਤੇ ਧਰਮ ਤੇ ਰਾਜਨੀਤੀ ਨੂੰ ਵੱਖ ਵੱਖ ਸਮਝਦਾ ਹੈ, ਦਾ ਭਾਂਡਾ ਖੁਦ ਸ਼ਹਾਬੋਦੀਨ ਨੇ ਹੀ ਭੰਨ ਦਿੱਤਾ, ਜਿਸ ਜ਼ਬਰਦਸਤ ਫਿਰਕੂ ਸਪੀਚ ਵਿਚ ਐਲਾਨ ਕੀਤਾ ਕਿ ਉਹ ਧਰਮ ਅਤੇ ਰਾਜਨੀਤੀ ਨੂੰ ਇਕੱਠਾ ਸਮਝਦਾ ਹੈ। ਸਾਬਕਾ ਜੱਜ ਅਜੀਤ ਸਿੰਘ ਬੈਂਸ ਨੇ ਇਕ ਪਾਸੜ ਰਿਪੋਰਟ ਪੇਸ਼ ਕੀਤੀ, ਪਰ ਅਤਿਵਾਦੀਆਂ ਵਲੋਂ ਕੀਤੇ ਜਾਂਦੇ ਬੇਗੁਨਾਹਾਂ ਦੇ ਕਤਲਾਂ ਬਾਰੇ ਆਈ ਗਈ ਹੀ ਕਰ ਦਿੱਤੀ, ਇਕ ਜੱਜ ਨੂੰ ਨਿਰਪੱਖ ਰਿਪੋਰਟ ਪੇਸ਼ ਕਰਨੀ ਚਾਹੀਦੀ ਸੀ।

ਇਪਾਨਾ ਨੇ ਇਸ ਮੌਕੇ ਉਤੇ 'ਵੰਗਾਰ' ਦਾ ਪਰਚਾ ਕੱਢਿਆ, ਉਸ ਬਾਰੇ ਵਿਸਥਾਰ ਨਾਲ ਤਾਂ ਫਿਰ ਵਿਚਾਰਾਂਗੇ, ਪਰ ਉਸ ਨੇ ਖਾਲਿਸਤਾਨ ਦਾ ਟੇਢੇ ਢੰਗ ਨਾਲ ਸਮਰਥਨ ਵੀ ਕੀਤਾ ਅਤੇ ਮਲਵੀਂ ਜੀਭ ਨਾਲ ਅਸਹਿਮਤੀ ਵੀ ਪ੍ਰਗਟਾਈ ਹੈ। ਅਤਿਵਾਦੀਆਂ ਵਲੋਂ ਕੀਤੇ ਜਾਂਦੇ ਹਰ ਸਾਲ ਸੈਂਕੜੇ ਕਤਲਾਂ ਬਾਰੇ ਇਕ ਲਫਜ਼ ਨਹੀਂ ਕਿਹਾ ਜਿਵੇਂ ਬੇਗੁਨਾਹ ਮਾਰੇ ਜਾਂਦੇ ਲੋਕ ਇਨ੍ਹਾਂ ਦੇ 'ਮਨੁੱਖੀ ਅਧਿਕਾਰਾਂ' ਦੇ ਨਕਸਲੀ-ਸੰਕਲਪ ਦੇ ਘੇਰੇ ਵਿਚ ਨਾ ਆਉਂਦੇ ਹੋਣ। ਵੱਖਵਾਦੀ ਲਹਿਰਾਂ ਦਾ ਟੇਢੇ ਢੰਗ ਨਾਲ ਸਮਰਥਨ ਕੀਤਾ ਹੈ। ਵੱਡੇ ਫਿਰਦੇ ਦੀ ਹਿੰਦੂ ਫਿਰਕਾਪ੍ਰਸਤੀ ਦੇ ਵਿਰੁਧ, ਮੁਸਲਮ ਫਿਰਕਾਪ੍ਰਸਤੀ, ਸਿੱਖ ਫਿਰਕਾਪ੍ਰਸਤੀ, ਈਸਾਈ ਫਿਰਕਾਪ੍ਰਸ਼ਤੀ ਵਲੋਂ ਉਛਾਲੇ ਜਾਂਦੇ ਫਿਰਕੂ ਵਿਚਾਰਾਂ ਨੂੰ 'ਧਰਮ ਦੀ ਸੁਤੰਤਰਤਾ' ਦੇ ਨਾਂ ਉਤੇ ਦਰੁਸਤ ਠਹਿਰਾਇਆ ਹੈ। ਅਮਰੀਕੀ ਸਾਮਰਾਜ ਜੋ ਭਾਰਤ ਦੇ ਟੁਕੜੇ ਕਰਨਾ ਚਾਹੁੰਦਾ ਹੈ, ਜੋ ਟੇਢੇ ਵਿੰਗੇ ਢੰਗਾਂ ਨਾਲ ਹਰ ਵੱਖਵਾਦੀ ਲਹਿਰ ਦੇ ਪਿਛੇ ਹੈ, ਜਿਸ ਬਾਰੇ ਹੁਣ ਭਾਰਤ ਦੇ ਆਮ ਲੋਕਾਂ ਅਤੇ ਜਮਹੂਰੀ ਲਹਿਰ ਨੂੰ ਕੋਈ ਭੁਲੇਖਾ ਨਹੀਂ ਹੈ, ਬਾਰੇ ਇਕ ਲਫਜ਼ ਤੱਕ ਨਹੀਂ ਕਿਹਾ ਗਿਆ। ਭਾਰਤ ਵਿਚ ਖੱਬੀ ਲਹਿਰ ਦੇ ਰੋਲ ਅਤੇ ਕੰਮ ਨੂੰ ਜਾਣ ਬੁਝ ਕੇ ਅਣਡਿਠ ਕੀਤਾ ਗਿਆ। ਭਾਰਤੀ ਜਨਤਾ ਪਾਰਟੀ ਜੋ ਕਿ ਮੁਖ ਤੌਰ ਉਤੇ ਹਰ ਮੁਸਲਮ ਵਿਰੋਧੀ ਫਸਾਦ ਵਿਚ ਮੁਖ ਧਿਰ ਹੁੰਦੀ ਹੈ, ਬਾਰੇ ਇਕ ਲਫਜ਼ ਨਹੀਂ ਕਿਹਾ ਗਿਆ। ਭਾਰਤ ਵਿਚ ਵੱਡੀ ਸਰਮਾਏਦਾਰੀ ਦੀ ਅਗਵਾਈ ਵਾਲੇ ਰਾਜ ਵਜੋਂ ਨਹੀਂ ਸਗੋਂ ਕਾਂਗਰਸ ਨੂੰ ਹਿੰਦੂ ਰਾਜ ਵਜੋਂ ਪੇਸ਼ ਕਰਕੇ ਇਪਾਨਾ ਦੇ ਇਨਕਲਾਬੀ ਲੀਡਰ ਆਪਣੀ ਮਾਰਕਸੀ ਸੋਚ ਦਾ ਜਾਂ ਤਾਂ ਦਿਵਾਲਾ ਕੱਢਿਆ ਹੈ ਜਾਂ ਇਨ੍ਹਾਂ ਦੀ ਮਾਰਕਸੀ ਪਹੁੰਚ ਇਨੀ ਹੀ ਹੋਛੀ ਹੈ।

ਇਪਾਨਾ ਵਧਾਈ ਦੀ ਹੱਕਦਾਰ ਹੈ ਕਿ ਉਸ ਨੇ ਫਿਰਕੂ ਤੱਤਾਂ ਨੂੰ ਇਕ ਹਾਲ ਵਿਚ ਇਕੱਠੇ ਕਰ ਦਿੱਤਾ ਹੈ, ਅਤੇ ਵੱਡੀ ਫਿਰਕਾਪ੍ਰਸਤੀ ਵਿਰੁਧ ਲੜਨ ਦੀ ਪਾਣ ਦਿੱਤੀ ਹੈ। ਇਹੋ ਹੀ ਅਮਰੀਕੀ ਸਾਮਰਾਜ ਦੀ ਭਾਰਤ ਬਾਰੇ ਨੀਤੀ ਦਾ ਧੁਰਾ ਹੈ। ਯਾਦ ਰਹੇ ਏਸੇ 'ਕਾਮਨਵੈਲਥ' ਹਾਲ ਵਿਚ ਵੈਨਕੂਵਰ ਦੀਆਂ ਦਸ ਧਰਮ ਨਿਰਪੱਖ ਅਤੇ ਅਗੇ ਵਧੂ ਜਥੇਬੰਦੀਆਂ ਵਲੋਂ 'ਸਦਭਾਵਨਾ' ਮੀਟਿੰਗ ਨੂੰ ਇਪਾਨਾ ਦੇ ਅੱਜ ਦੇ ਸਹਿਯੋਗੀਆਂ ਨੇ ਭੰਗ ਕੀਤਾ ਸੀ, ਹੁਣ ਇਪਾਨਾ ਉਨ੍ਹਾਂ ਨਾਲ ਬਗਲਗੀਰ

——→


**VICKY CONSTRUCTION CO.**

- Vinyl Siding
- Soffits and all Finishing Jobs
- Free Estimate

**Ph. (604) 581-6506** (after 8 p.m.)

**Star Drywall Construction Co. Ltd.**

- Complete Drywall Service
- Guaranteed Work
- Free Estimates

**Sahib or Nake**
**Ph. (604) 589-4830**

P.O.BOX 639
SURREY, B.C. V3T 5L9

# ਫਿਜੀ ਦੇ ਫੌਜੀ ਰਾਜ ਪਲਟੇ ਪਿੱਛੇ ਕੌਣ ?

ਫਿਜੀ ਵਿਚ ਦੂਜੀ ਵਾਰ ਰਾਜ ਪਲਟਾ ਹੋਇਆ ਹੈ। ਫੌਜੀ ਡਿਕਟੇਟਰ ਕਰਨਲ ਰਾਬੂਕਾ ਤਾਕਤ ਹਥਿਆਉਣ ਪਿਛੋਂ ਉਸੇ ਤਰਾਂ ਦੇ ਦਾਅ-ਪੇਚ ਖੇਡ ਰਿਹਾ ਹੈ ਜਿਸ ਤਰਾਂ ਦੇ ਕਿ ਫੌਜੀ ਡਿਕਟੇਟਰ ਆਮ ਹੀ ਖੇਡਦੇ ਹਨ।

ਫਿਜੀ ਦੇ ਤਾਨਾਸ਼ਾਹ ਨੇ ਪਿਛਲੇ ਦਿਨ ਅਸਟਰੇਲੀਆ ਦੇ ਇਕ ਅਖਬਾਰ ਨਾਲ ਇੰਟਰਵੀਊ ਵਿਚ ਕਿਹਾ ਕਿ ਉਹ ਅਗਲੇ ਮਹੀਨੇ ਫਿਜੀ ਨੂੰ ਇਕ ਗਣਰਾਜ ਐਲਾਨ ਦੇਵੇਗਾ। ਅਤੇ ਨਵੇਂ ਸੰਵਿਧਾਨ ਅਧੀਨ ਜਿਸ ਵਿਚ ਫਿਜੀ ਮੂਲ ਦੇ ਲੋਕਾਂ ਨੂੰ ਪਾਰਲੀਮੈਂਟ ਵਿਚ ਬਹੁ-ਮਤ ਦੀ ਗਾਰੰਟੀ ਹੋਵੇਗੀ, ਨਵੀਆਂ ਚੋਣਾਂ ਕਰਾਏਗਾ! ਉਸ ਨੇ ਇਹ ਵੀ ਆਖਿਆ ਕਿ ਫਿਜੀ ਲਈ ਗਣ-ਤੰਤਰ ਹੀ ਇਕੋ ਇਕ ਰਾਹ ਬੱਚਿਆ ਹੈ।

ਜਦੋਂ ਫੌਜੀ ਤਾਨਾਸ਼ਾਹ ਨਵੇਂ ਸੰਵਿਧਾਨ ਦੀ ਗੱਲ ਕਰ ਰਿਹਾ ਸੀ ਤਾਂ ਸਪੱਸ਼ਟ ਹੀ ਸੀ ਕਿ ਉਹ ਦੇਸ਼ ਦੇ ਸੰਵਿਧਾਨ ਨੂੰ ਰੱਦ ਕਰਨ ਦੀਆਂ ਤਿਆਰੀਆਂ ਕਰ ਰਿਹਾ ਹੈ। ਅਤੇ ਅੱਜ ਖਬਰ ਆਈ ਹੈ ਕਿ ਉਸ ਵਲੋਂ ਦੇਸ ਦੇ ਸੰਵਿਧਾਨ ਨੂੰ ਰੱਦ ਕਰ ਦਿੱਤਾ ਗਿਆ ਹੈ। ਇਸ ਸੰਵਿਧਾਨ ਵਿਚ ਸੰਸਦੀ ਸਰਕਾਰ ਦਾ ਪ੍ਰਬੰਧ ਸੀ।

ਫੌਜੀ ਡਿਕਟੇਟਰ ਨੇ ਕਿਹਾ ਹੈ ਕਿ ਉਹ ਗਵਰਨਰ ਜਨਰਲ ਨੂੰ ਬਰਖਾਸਤ ਕਰਕੇ ਦੇਸ ਵਿਚ ਸਰਕਾਰ ਚਲਾਉਣ ਲਈ ਇਕ ਫੌਜੀ ਕੌਂਸਲ ਬਨਾਉਣਗੇ।

ਗਵਰਨਰ ਜਨਰਲ ਦਾ ਅਹੁਦਾ ਖਤਮ ਹੋਣ ਦਾ ਮਤਲਬ ਇਹ ਹੈ ਕਿ ਇਸ ਨਾਲ ਨਿਆਂਪਾਲਕਾ ਵੀ ਬਰਖਾਸਤ ਹੋ ਜਾਵੇਗੀ।

ਦੂਜੇ ਬੰਨੇ ਫਿਜੀ ਦੀ ਸੁਪਰੀਮ ਕੋਰਟ ਦੇ ਜੱਜਾਂ ਨੇ ਰਾਜ ਪਲਟਾ ਕਰਨ ਦੇ ਮੋਹਰੀ ਡਿਕਟੇਟਰ ਰਬੂਕਾ ਦੀ ਜੁੰਡੀ ਨੂੰ ਗੈਰ-ਕਾਨੂੰਨੀ ਕਰਾਰ ਦੇਕੇ ਉਸਦੀਆਂ ਸਾਰੀਆਂ ਸਰਗਰਮੀਆਂ ਨੂੰ ਵੀ ਗੈਰ-ਵਿਧਾਨਕ ਕਰਾਰ ਦੇ ਦਿੱਤਾ ਹੈ।

ਫਿਜੀ ਵਿਚ ਭਾਵੇਂ ਹਾਲੇ ਵੀ ਹਾਲਤ ਖਿਚਾਅ ਭਰੀ ਹੈ ਅਤੇ ਫੌਜੀ ਡਿਕਟੇਟਰ ਦਾ ਵਿਰੋਧ ਜਾਰੀ ਹੈ ਪਰ ਸਮੁੱਚੇ ਤੌਰ ਉੱਤੇ ਘਟਨਾਵਾਂ ਤੋਂ ਇੰਜ ਹੀ ਜਾਪਦਾ ਹੈ ਕਿ ਫੌਜੀ ਡਿਕਟੇਟਰ ਰਬੂਕਾ ਪੈਰ ਜਮਾਉਣ ਵਿਚ ਸਫਲ ਹੋ ਗਿਆ ਹੈ।

39 ਸਾਲਾ ਕਰਨਲ ਰਬੂਕਾ ਨੇ ਫਿਜੀ ਵਿਚ ਪਿਛਲੇ ਪੰਜ ਮਹੀਨਿਆਂ ਦੌਰਾਨ ਦੂਸਰੀ ਵਾਰ ਸੱਤਾ ਹਥਿਆਈ ਹੈ।

ਫਿਜੀ ਵਿਚ ਜਿਹੜਾ ਫੌਜੀ ਰਾਜਪਲਟਾ ਹੋਇਆ ਹੈ ਉ; ਉੱਤੇ ਉਹਨਾਂ ਸਭਨਾ ਨੂੰ ਹੀ ਦੁਖ ਹੈ ਜਿਹੜੇ ਕਿ ਜਮਹੂਰੀ-ਅੱਤ ਲਈ ਖਲੋਂਦੇ ਹਨ ਅਤੇ ਫੌਜੀ ਹਕੂਮਤਾਂ ਦਾ ਵਿਰੋਧ ਕਰਦੇ ਹਨ।

ਫਿਜੀ ਵਿਚ ਜਿਵੇਂ ਇਹ ਫੌਜੀ ਰਾਜ ਪਲਟਾ ਇਕ ਸਿਮਝੌਤੇ ਵਾਲੇ ਫਾਰਮੂਲੇ ਤਹਿਤ ਹੋਇਆ ਉਸ ਤੋਂ ਇਹ ਸਾਫ ਜ਼ਾਹਿਰ ਹੈ ਕਿ ਇਸ ਦੇਸ ਦੀ ਫੌਜ ਕਿਸੇ ਵੀ ਤਰਾਂ ਦੇ ਜਮਹੂਰੀ ਰਾਜ ਦੇ ਵਿਰੁੱਧ ਹੈ ਜਿਸ ਦੀ ਸਥਾਪਤੀ ਦੇਸ ਦੇ ਵਿਧਾਨ ਤਹਿਤ ਹੋਈ ਸੀ।

ਇਹ ਸਾਰਾ ਕੁਝ ਦੇਸ ਨੂੰ ਫੌਜੀ ਤਾਨਾਸ਼ਾਹੀ ਦੇ ਹਵਾਲੇ ਕਰਨ ਦੀ ਇਕ ਗਿਣੀ-ਮਿਥੀ ਸਾਜ਼ਿਸ਼ ਤਹਿਤ ਹੋਇਆ ਹੈ— ਅਤੇ ਇਹ ਜੋ ਕੁਝ ਵੀ ਹੋ ਰਿਹਾ ਹੈ ਉਹ ਸ਼ਾਂਤ ਮਹਾਂ ਸਾਗਰ ਵਿਚ

( ਬਾਕੀ ਸਫ਼ਾ ੧੩ ਤੇ )

ਹੈ। ਦੇਖੋ ਇਧਾਨਾ ਇਸ ਪਰਪੰਚ ਤੋਂ ਮੰਗਵੇਂ ਸਾਹ ਪ੍ਰਾਪਤ ਕਰਨ ਵਿਚ ਕਿੰਨਾ ਕੁ ਸਫਲ ਹੁੰਦੀ ਹੈ।

## ਈਸਟ ਇੰਡੀਅਨ ਵਰਕਰਜ਼ ਐਸੋ: ਵਲੋਂ ਮੀਟਿੰਗ

ਈਸਟ ਇੰਡੀਅਨ ਵਰਕਰਜ਼ ਐਸੋ: ਵਲੋਂ 4 ਅਕਤੂਬਰ ਨੂੰ ਲੋਕਲ ਮਸਲਿਆਂ ਸੰਬੰਧੀ ਅਤੇ ਭਾਰਤ ਨਾਲ ਸੰਬੰਧਿਤ ਮਸਲਿਆਂ ਬਾਰੇ ਇਕ ਮੀਟਿੰਗ ਕੀਤੀ। ਜਿਸ ਦੀ ਰੀਪੋਰਟ ਪਹਿਲਾਂ ਛਪ ਚੁਕੀ ਹੈ। ਉਸ ਮੀਟਿੰਗ ਤੋਂ ਪਿਛੋਂ ਐਸੋਸੀਏਸ਼ਨ ਪ੍ਰਧਾਨ ਮੰਤਰੀ ਨੂੰ ਇਕ ਲਿਖਤੀ ਮੈਮੋਰੈਂਡਮ ਦੇਣਾ ਚਾਹਿਆ ਜੋ ਕਿ ਐਸੋਸੀਏਸ਼ਨ ਦਾ ਡੈਲੀਗੇਸ਼ਨ ਨਿਜੀ ਤੌਰ ਉਪਰ ਪੇਸ਼ ਨਾ ਕਰ ਸਕਿਆ ਪਰ ਟਰੇਡ ਕਮਿਸ਼ਨ ਦੇ ਅਧਿਕਾਰੀਆਂ ਰਾਹੀਂ ਉਨ੍ਹਾਂ ਨੂੰ ਪਹੁੰਚਾਇਆ ਗਿਆ। ●


ਵੈਨਕੂਵਰ ਵਿਚ ਭਾਰਤੀਆਂ ਦਾ ਫਰਨੀਚਰ ਸਟੋਰ

ROYAL

ਰੌਇਲ ਫਰਨੀਚਰ ਲਿਮ:

ਟੌਪ ਕੁਆਲਿਟੀ ਦਾ ਫਰਨੀਚਰ ਤੇ ਵਾਜਬ ਕੀਮਤਾਂ

2607 ਮੇਨ ਸਟਰੀਟ, ਵੈਨਕੂਵਰ, ਬੀ. ਸੀ.

Ph. 874-9525

FURNITURE

● ਲਿਵਿੰਗ ਰੂਮ ● ਡਾਈਨਿੰਗ ਰੂਮ
● ਬੈਡ ਰੂਮ ਅਤੇ

ਹਰ ਕਿਸਮ ਦਾ ਫਰਨੀਚਰ ਸਾਥੋਂ ਖ੍ਰੀਦੋ



PAUL TOOR

# "ਰੂਪ" ਨਾ ਰਹੀ ਮੁੜ ਏਦਾਂ ਨਾ ਹੋਵੇ

ਰਾਜਿਸਥਾਨ ਦੇ ਸੀਕਰ ਜ਼ਿਲੇ ਦਾ ਪਿੰਡ ਦਿਉਰਾਲਾ ਪ੍ਰੈਸ ਵਿਚ ਲਗਾਤਾਰ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ ਜਿੱਥੇ ਕਿ 18 ਸਾਲਾ ਵਿਧਵਾ ਰੂਪ ਕੰਵਰ ਨੂੰ ਅੰਧ-ਵਿਸ਼ਵਾਸ਼ੀ ਜਨੂੰਨੀਆਂ ਨੇ ਖੁਦਕਸ਼ੀ ਦੇ ਰਾਹ ਤੋਰ ਦਿੱਤਾ ਜਿਸਨੂੰ ਉਹ ਵੀਹਵੀਂ ਸਦੀ ਵਿਚ ਸਤੀ ਹੋਣਾ ਦੱਸਦੇ ਹਨ।

ਸਤੀ ਦੀ ਭੈੜੀ ਤੇ ਗੈਰ ਮਨੁੱਖੀ ਪਰੰਪਰਾ ਜੋਕਿ ਭਾਰਤ ਵਿਚ ਪੁਰਾਣੇ ਸਮਿਆਂ ਵਿਚ ਚਲਦੀ ਰਹੀ ਅੱਜ ਤੋਂ ਲਗਪਗ 158 ਸਾਲ ਪਹਿਲਾਂ ਅੰਗਰੇਜ਼ੀ ਹਕੂਮਤ ਸਮੇਂ ਕਨੂੰਨੀਤੌਰ ਉੱਤੇ ਖਤਮਕਰ ਦਿੱਤੀ ਗਈ ਸੀ ਪਰ ਦੇਸ ਦੀ ਆਜ਼ਾਦੀ ਦੇ ਚਾਲੀ ਵਰ੍ਹੇ ਬੀਤ ਜਾਣ ਪਿਛੋਂ ਵੀ ਇਹ ਚੰਦਰੀ ਕੁਲਹਿਣੀ ਰਸਮ ਹਾਲੇ ਤਕ ਬੰਦ ਨਹੀਂ ਹੋਈ ਤਾਂ ਇਸ ਲਈ ਵੇਲੇ ਦੀ ਸਰਕਾਰ ਹੀ ਮੁਖ ਜ਼ੁੰਮੇਵਾਰ ਹੈ ਜਿਹੜੀ ਕਿ ਪੁਨਰ-ਜਾਗ੍ਰਤੀ ਨਾਲ ਗਾਂਢ-ਸਾਂਢ ਰਖਦੀ ਚਲੀ ਆ ਰਹੀ ਹੈ।

ਰੂਪ ਕੰਵਰ ਦੇ ਸਤੀ ਹੋਣ ਜਾਂ ਅੰਧ-ਵਿਸਵਾਸ਼ੀ ਜਨੂੰਨੀਆਂ ਵਲੋਂ ਪੈਦਾ ਕੀਤੇ ਗਏ ਪ੍ਰਭਾਵ ਦੀ ਲਾਂਬੂ-ਨੁਮਾ ਅੱਗ ਵਿਚ ਛਾਲ ਮਾਰਨ ਦਾ ਕਦਮ ਚੁਕ ਲੈਣ ਨੂੰ ਭਾਵੇਂ ਪ੍ਰੈਸ ਕਿਸੇ ਵੀ ਪਹਿਲੂ ਤੋਂ ਵਾਚੇ ਪਰ ਇਹ ਹੈ ਨੰਗਾ-ਚਿੱਟਾ ਕਤਲ। ਇਸ ਕਤਲ ਲਈ ਜਿਹੜੇ ਵੀ ਲੋਕ ਦੋਸ਼ੀ ਹਨ ਉਹਨਾਂ ਸਭਨਾਂ ਨੂੰ ਹੀ ਯੋਗ ਸਜ਼ਾਵਾਂ ਮਿਲਣੀਆਂ ਚਾਹੀਦੀਆਂ ਹਨ। ਪਰ ਇਸ ਕਾਂਡ ਦੇ ਸਬੰਧ ਵਿਚ ਨੋਟ ਕਰਨ ਵਾਲੀ ਗੱਲ ਇਹ ਹੈਕਿ ਇਹ ਸਾਰਾ ਕੁਝ ਪੁਲਸ ਦੀਆਂ ਅੱਖਾਂ ਅੱਗੇ ਹੋਇਆ।

ਇਸ ਤੋਂ ਬਿਨਾ ਰਾਜਿਸਥਾਨ ਸਰਕਾਰ ਇਸ ਮਾਮਲੇ ਸਬੰਧੀ ਉਦੋਂ ਹਰਕਤ ਵਿਚ ਆਈ ਜਦੋਂ ਇਹ ਵਾਕਿਆ ਅਖਬਾਰਾਂ ਵਿਚ ਛਪਣ ਤੋਂ ਪਿਛੋਂ ਦੇਸ ਭਰ ਵਿਚੋਂ ਇਸ ਸਭ ਕੁਝ ਦੇ ਵਿਰੁਧ ਰੋਸਆਵਾਜ਼ ਇਸਤ੍ਰੀ ਜਥੇਬੰਦੀਆਂ ਵਲੋਂ ਹੀ ਨਹੀਂ ਸੀਉੱਠੀ ਸਗੋਂ ਹੋਰ ਕਈ ਹਲਕਿਆਂ ਵਲੋਂ ਵੀ। ਪ੍ਰੈਸ ਦੇ ਹਲਕਿਆਂ ਨੇ ਵੀ ਇਸ ਕਾਂਡ ਦਾ ਸਖਤ ਨੋਟਿਸ ਲਿਆ ਅਤੇ ਪੁਲਸ ਤੇ ਰਾਜਿਸਥਾਨ ਦੀ ਸਰਕਾਰ ਦੇ ਰੋਲ ਦੀ ਨਿੰਦਾ ਕੀਤੀ।

ਬੁਨਿਆਦਪ੍ਰਸਤਾਂ ਅਤੇ ਪੁਨਰਸੁਰਜੀਤੀਵਾਦੀਆਂ ਦੇ ਦਬਾਆਂ ਤੇ ਪ੍ਰਭਾਵ ਹੇਠ ਰੂਪ ਕੰਵਲ ਵਲੋਂ ਆਪਣੇ ਪਤੀ ਦੀ ਚਿਤਾ ਵਿਚ ਸੜ ਮਰਨ ਤੋਂ ਪਿਛੋਂ ਇਹਨਾਂ ਜਨੂੰਨੀ ਸ਼ਕਤੀਆਂ ਵਲੋਂ ਇਸ ਵਾਕਿਆ ਨੂੰ ਜੋਕਿ ਔਰਤ ਜਾਤੀ ਵਿਰੁਧ ਵੱਡਾ ਕੁਕਰਮ ਹੈ ਧਮਾਉਣ ਦੀਆਂ ਕੋਸ਼ਿਸ਼ਾਂ ਓਸੇ ਦਿਨ ਤੋਂ ਹੀ ਜਾਰੀ ਹਨ ਅਤੇ ਇਸ ਥਾਂ ਵਲ ਜਨੂੰਨੀ ਲੋਕਾਂ ਦੀਆਂ ਭੀੜਾਂ ਹਾਲੇ ਵੀ ਮਠੀਆਂ ਨਹੀਂ ਪਈਆਂ। ਅੰਧ-ਵਿਸ਼ਵਾਸ਼ੀ ਬੁਨਿਆਦ-ਪ੍ਰਸਤ ਇਸ ਥਾਂ ਉੱਤੇ ਮੰਦਰ ਖੜਾ ਕਰਨ ਦੀਆਂ ਤਿਆਰੀਆਂ ਕਰ ਰਹੇ ਹਨ।

ਇਸ ਵਾਕਿਆ ਸਬੰਧੀ ਨੋਟ ਕਰਨ ਵਾਲੀ ਗੱਲ ਇਹ ਹੈ ਜਿਥੇ ਇਸ ਸਬੰਧੀ ਪਹਿਲੇ ਦਿਨ ਹੀ ਔਰਤਾਂ ਦੀਆਂ ਜਥੇਬੰਦੀਆਂ ਵਲੋਂ ਰੋਸ ਆਵਾਜ਼ ਉੱਚੀ ਹੋ ਗਈ ਓਥੇ ਇਹ ਕਾਂਡ ਵਾਪਰਨ ਤੋਂ 10 ਦਿਨਾਂ ਪਿਛੋਂ ਸਰਕਾਰ ਦਾ ਨਖੇਧੀ ਦਾ ਕੋਈ ਬਿਆਨ ਆਇਆ। ਚੁੰਨੀ ਚੜ੍ਹਾਉਣ ਦੀ ਰਸਮ ਦਾ ਪਾਖੰਡ ਵੀ ਸਰਕਾਰ ਨਾ ਰੋਕ ਸਕੀ। ਇਸ ਤੋਂ ਸਪਸ਼ਟ ਹੈ ਕਿ ਸਰਕਾਰ ਦੀ ਪਹੁੰਚ ਕੀ ਹੈ?

ਇਹ ਗਲ ਹੋਰ ਵੀ ਸ਼ਰਮਨਾਕ ਹੈ ਕਿ ਚੁੰਨੀ ਦੀਆਂ ਰਸਮਾਂ ਸਮੇਂ ਹੋਏ ਇਕੱਠ ਵਿਚ ਕਾਂਗਰਸ ਆਈ, ਜਨਤਾ ਪਾਰਟੀ ਯੁਵਾ ਜਨਤਾ, ਲੋਕ ਦਲ (ਬ) ਅਤੇ ਬੀ. ਜੇ. ਪੀ. ਦੇ ਲੀਡਰ ਮੌਜੂਦ ਸਨ।

ਅਤੇ ਗਲ ਕੇਵਲ ਏਥੋਂ ਤਕ ਹੀ ਸੀਮਤ ਨਹੀਂ। ਬੀ. ਜੇ. ਪੀ. ਉਹਨਾਂ ਰੂੜੀਵਾਦੀ ਧਾਰਮਕ ਸੰਸਥਾਵਾਂ ਦੀ ਪਿੱਠ ਪੂਰ ਰਹੀ ਹੈ ਜਿਹੜੀਆਂ ਕਿ ਦਿਉਰਾਲਾ ਵਿਖੇ ਰੂਪ ਕੰਵਰ ਦੇ ਸੱਤੀ ਹੋਣ ਵਾਲੀ ਥਾਂ ਉਤੇ ਮੰਦਰ ਉਸਾਰਨ ਲਈ ਯਤਨ ਸ਼ੀਲ ਹਨ।

ਇਸ ਕਾਂਡ ਸਬੰਧੀ ਇਹ ਗਲ ਸਖਤ ਨਿੰਦਾ ਯੋਗ ਹੈ ਕਿ ਰੋਜ਼ਾਨਾ 'ਜਨਸੱਤਾ' ਨੇ ਇਸ ਨੂੰ ਰਵਾਇਤੀ ਤੇ ਧਾਰਮਿਕ ਰਸਮ ਕਹਿਕੇ ਹੱਕੀ ਠਹਿਰਾਉਣ ਦੀ ਕੋਸ਼ਿਸ਼ ਕੀਤੀ ਅਤੇ ਉਹਨਾਂ ਉਤੇ ਹਮਲੇ ਕੀਤੇ ਜਿਹਨਾਂ ਵਲੋਂ ਕਿ ਇਸ ਗੈਰ ਕਾਨੂੰਨ ਕਦਮ ਵਿਰੁਧ ਆਵਾਜ਼ ਬੁਲੰਦ ਕੀਤੀ ਜਾ ਰਹੀ ਹੈ।

ਇਹ ਸਤਰਾਂ ਲਿਖਣ ਤੱਕ ਇਸ ਘਿਨਾਉਣੇ ਕਾਂਡ ਦੇ ਸਬੰਧ ਵਿਚ ਬਹੁਤ ਕੁਝ ਕਿਹਾ ਜਾ ਚੁਕਾ ਹੈ। ਦੇਸ਼ ਭਰ ਵਿਚੋਂ ਇਸ ਕਾਂਡ ਵਿਰੁੱਧ ਰੋਸ ਆਵਾਜ਼ ਉਠਣ ਦੇ ਪਿਛੋਕੜ ਵਿਚ ਜੇ ਇਸ ਕਾਂਡ ਦੇ ਸਬੰਧ ਵਿਚ ਪੁਲਸ ਨੇ ਗਰਿਫਤਾਰੀਆਂ ਕੀਤੀਆਂ ਹਨ ਤਾਂ ਨਾਲ ਹੀ ਇਹ ਗੱਲ ਵੀ ਜ਼ਰੂਰੀ ਹੈ ਕਿ ਉਸ ਥਾਂ ਉਤੇ ਕੋਈ ਯਾਦਗਾਰ ਨਾ ਬਨਣ ਦਿਤੀ ਜਾਵੇ ਅਤੇ ਇਹ ਕੁਕਰਮ ਰੋਕਣ ਲਈ ਸਖਤ ਕਦਮ ਚੁਕੇ ਜਾਣ।

ਸਤੀ ਮਾਮਲੇ ਦੇ ਸਬੰਧ ਵਿਚ ਸਰਕਾਰ ਦੀ ਬੁਨਿਆਦ ਪ੍ਰਸਤਾਂ ਅਤੇ ਅੰਧ-ਵਿਸ਼ਵਾਸ਼ ਤੱਤਾਂ ਨਾਲ ਗੰਢ-ਤੁੱਪ ਵਿਰੁੱਧ ਨਾ ਕੇਵਲ ਸਭਨਾ ਹੀ ਜਮਹੂਰੀ ਵਿਚਾਰਾਂ ਵਾਲੀਆਂ ਔਰਤ ਜਥੇਬੰਦੀਆਂ ਨੂੰ ਹੀ ਜ਼ੋਰਦਾਰ ਆਵਾਜ਼ ਉਠੀ ਕਰਨੀ ਚਾਹੀਦੀ ਹੈ ਸਗੋਂ ਉਹਨਾਂ ਸਾਰਿਆਂ ਨੂੰ ਵੀ ਜਿਹੜੇ ਕਿ ਔਰਤਾਂ ਦੇ ਹੱਕਾਂ-ਹਿੱਤਾਂ ਲਈ ਅਤੇ ਚੰਗੀਆਂ ਕਦਰਾਂ ਕੀਮਤਾਂ ਲਈ ਖਲੋਂਦੇ ਹਨ।

ਇਸ ਸਤੀ ਕਾਂਡ ਦੇ ਸਬੰਧ ਵਿਚ ਹੋਰ ਕਈ ਪਰਕਾਰ ਦੀਆਂ ਖਬਰਾਂ ਵੀ ਪਰੈਸ ਵਿਚ ਆਈਆਂ ਹਨ। ਸਰਕਾਰ ਵਲੋਂ ਇਹਨਾਂ ਦੀ ਵੀ ਪੂਰੀ ਪੂਰੀ ਛਾਣ-ਬੀਨ ਕਰਨੀ ਚਾਹੀਦੀ ਹੈ ਅਤੇ ਇਸ ਸਭ ਕੁਝ ਨੂੰ ਇਸ ਮਾਮਲੇ ਬਾਰੇ ਦਰਜ ਹੋਏ ਕੇਸ ਵਿਚ ਤਫਤੀਸ਼ ਦਾ ਹਿੱਸਾ ਬਨਾਉਣਾ ਚਾਹੀਦਾ ਹੈ। ਦੋਸ਼ੀ ਪਾਏ ਗਏ ਵਿਅਕਤੀਆਂ ਨੂੰ ਸਖਤ ਸਜ਼ਾਵਾਂ ਮਿਲਣ ਨਾਲ ਹੀ ਇਸ ਤਰਾਂ ਦੇ ਘਿਨਾਉਣੇ ਜੁਰਮਾਂ ਨੂੰ ਅਗੋਂ ਤੋਂ ਠਲ੍ਹ ਪੈ ਸਕੇਗੀ।

ਹਨੇਰ ਬਿਰਤੀ ਅਤੇ ਪੁਨਰ ਜਾਗ੍ਰਤੀਵਾਦ ਵਿਰੁਧ ਹਰ ਪੱਧਰ ਉਤੇ ਸੰਗਰਾਮ ਕਰਨਾ ਚਾਹੀਦਾ ਹੈ ਅਤੇ ਇਹਨਾਂ ਰੁਝਾਨਾਂ ਨੂੰ ਸ਼ਹਿ ਦੇਣ ਵਾਲੀਆਂ ਸਰਕਾਰ ਦੀਆਂ ਪਾਲਸੀਆਂ ਤੇ ਨੀਤੀਆਂ ਦਾ ਹਰ ਪਾਸਿਓਂ ਖੰਡਨ ਹੋਣਾ ਚਾਹੀਦਾ ਹੈ। ●


**TRU FOODS DISTRIBUTORS LTD.**

**Specializing in Health Foods**

■ **Vitamins** ■ **Herbs and all East Indian Foods**

PROPRITER **Mander Brothers**

**Tele.(604) 584-7011**

**10705 — King George Hwy Surrey, B.C. V3T 2X6 ● 10053 — 136 A St. Surrey, B.C. V3T 4G1**

# GOYAL THE VIDEO KING

## PANASONIC'S BEST SELLING GENIUS MODEL



Jer Goyal

*Released or Releasing:*
**Rajhath** [*old*]
**Suhag Raat** [*old*]
**Baharo Phool Barsao** [*Pakistan*]
**Tum Nahin Aur Sahi** [*New*]
**Mera Saya**
**Shakst-e-Aarzo** [*Pak drama*]
**Khalij** [*Pak drama*]
**Bhanwar** [*Pak drama*]
**Hamsaya** [*color*]
**Duniya Rang Layegi**
**Paisa Ya Pyar**
**And Om Puri's New Hit.**



**NN-7706C** *the Genius*

**Full Size Microwave Oven with Auto Sensor Control**

only **$499.95**

*BEST SELLING VIDEO MACHINES*



**PV-2700-K**
**Omnivision VHS**

**Fashion Series of Home Video Cassette Recorders with 98-Channel Digital Quartz Tuning**



only **$449.95**

**Going to India/Pakistan? Buy durable Samsonite Luggage at very low price**

**SPECIAL SALE ON DIGITAL TRANSFER**

*We do professional digital transfer of Video Cassettes from India, London, Pakistan, Fiji & local Canadian system & vice versa at very reasonable price*

SAME DAY SERVICE Guaranteed Print

**PANASONIC & TOSHIBA MICROWAVE OVENS ARE ON VERY SPECIAL**

**We Release New & Old Hindi/Punjabi/Gujarati Video Films From India & Pakistan Every Week.**

MAIL ORDERS ACCEPTED

PHONE [604]877-7778

**4156 FRASER ST., VANCOUVER, B.C. V5V 4E8**

## ਸੁਪਨਾ ਤੇ ਕਵਿਤਾ/ਧਰਮ ਕੰਮੇਆਣਾ

ਮੈਂ ਰੋਜ਼ ਰਾਤ ਨੂੰ, ਸੁਪਨੇ ਵਿੱਚ ਕੋਈ ਕਵਿਤਾ ਲਿਖਦਾ ਹਾਂ
ਪਰ ਜਦ ਜਾਗਦਾ ਹਾਂ, ਤਾਂ ਮੈਨੂੰ ਕੁੱਝ ਵੀ ਯਾਦ ਨਹੀਂ ਰਹਿੰਦਾ
ਬੱਸ ਸੋਚਦਾ ਹਾਂ ਕਿ ਇਹ ਕੇਹੀ ਕਵਿਤਾ ਹੈ
ਜੋ ਸੁੱਤਿਆਂ ਮੇਰੇ ਨਾਲ ਤੁਰਦੀ ਹੈ, ਜਾਗਦਿਆਂ ਦੂਰ ਰਹਿੰਦੀ ਹੈ
ਇਹ ਮੋਈ ਕਿਸ ਗੱਲੋਂ ਐਨੀ ਮਜਬੂਰ ਰਹਿੰਦੀ ਹੈ ?
ਕੀ ਇਹਦੀ 'ਨੇਰ੍ਹੇ ਸੰਗ ਨਿਭਦੀ ਏ, ਇਹ ਚਾਨਣ ਤੋਂ ਤ੍ਰਹਿੰਦੀ ਹੈ ??
ਮੈਂ ਰੋਜ਼ ਰਾਤ ਨੂੰ ਸੁਪਨੇ ਵਿਚ ਕੋਈ ਕਵਿਤਾ ਲਿਖਦਾ ਹਾਂ—

ਕੀ ਮੈਂ ਇਕੱਲ ਬਾਰੇ ਕੋਈ ਕਵਿਤਾ ਲਿਖਦਾ ਹਾਂ ?
ਇਕੱਲ : ਵਸਦੇ ਸ਼ਹਿਰ ਵਿੱਚ ਜਾਣੇ ਹੋਏ ਚਿਹਰੇ ਲਈ ਤਰਸ ਜਾਣਾ ਹੈ
ਇਕੱਲ : ਕਸਤੂਰੀ ਦੀ ਤਲਾਸ਼ 'ਚ ਬਉਰਾ ਹੋਇਆ ਹਿਰਨ ਹੈ
ਮੈਂ ਰੋਜ਼ ਰਾਤ ਨੂੰ ਸੁਪਨੇ ਵਿਚ ਕੋਈ ਕਵਿਤਾ ਲਿਖਦਾ ਹਾਂ—

ਕੀ ਮੈਂ ਜਵਾਨ ਅੰਗਾਂ 'ਚ ਵਹਿ ਰਹੇ ਤੱਤੇ ਲਹੂ ਦੀ ਗੱਲ ਕਰਦਾ ਹਾਂ ?
ਤੱਤਾ ਲਹੂ, ਜੋ ਉਹ ਅਲਕ ਵਛੇਰੀ ਏ
ਜਿਸ ਦੇ ਪੋੜਾਂ ਹੇਠ ਅੱਠੇ ਪਹਿਰ ਭੂਚਾਲ ਨੱਚਦੇ ਨੇ
ਮੈਂ ਰੋਜ਼ ਰਾਤ ਨੂੰ ਸੁਪਨੇ ਵਿੱਚ ਕੋਈ ਕਵਿਤਾ ਲਿਖਦਾ ਹਾਂ—

ਕੀ ਮੈਂ ਉਦਾਸ ਖ਼ਬਰਾਂ ਬਾਰੇ ਸੋਚਦਾ ਹਾਂ ?
ਖ਼ਬਰਾਂ : ਜੋ ਹਰ ਸੁਬਹ ਲਹੂ ਵਿਚ ਲਿੱਬੜੀਆਂ
ਮੇਰੇ ਦਰ 'ਤੇ ਦਸਤਕ ਦਿੰਦੀਆਂ ਨੇ
ਉਹਨਾਂ ਦੇ ਚਿਹਰੇ 'ਤੇ ਕਰੂਰਤਾ ਨਹੀਂ ਮਾਸੂਮੀਅਤ ਹੁੰਦੀ ਹੈ
ਉਹਨਾਂ ਦੀ ਇਕ ਅੱਖ 'ਚ ਵਾਰਿਸ ਤੇ ਬੁੱਲ੍ਹਾ ਰੋਂਦੇ ਨੇ
ਤੇ ਦੂਜੀ 'ਚ ਪੂਰਨ ਸਿੰਘ ਤੇ ਨੂਰਪੁਰੀ
ਮੈਂ ਰੋਜ਼ ਰਾਤ ਨੂੰ ਸੁਪਨੇ ਵਿੱਚ ਕੋਈ ਕਵਿਤਾ ਲਿਖਦਾ ਹਾਂ—

ਕੀ ਮੇਰੇ ਸੁਪਨੇ ਤੇ ਹਕੀਕਤ ਵਿਚਕਾਰ ਕੋਈ ਕੰਧ ਹੈ ?
ਜੇ ਕੋਈ ਬੂਹਾ ਵੀ ਹੈ ਤਾਂ ਉਹ ਬੰਦ ਹੈ ??
ਕਿ ਮੈਂ, ਜੋ ਹਾਂ, ਉਹ ਸੌਂਅ ਰਿਹਾ ਹਾਂ
ਕਿ ਮੈਂ, ਜੋ ਨਹੀਂ, ਉਹ ਜਾਗ ਰਿਹਾ ਹਾਂ
ਮੈਂ ਰੋਜ਼ ਰਾਤ ਨੂੰ ਸੁਪਨੇ ਵਿੱਚ ਕੋਈ ਕਵਿਤਾ ਲਿਖਦਾ ਹਾਂ—

---

ਸਫ਼ਾ 21 ਦੀ ਬਾਕੀ

ਵਿਰੁੱਧ ਲੋਕਾਂ ਨੂੰ ਉਠਣ ਲਈ ਹੋਕਾ ਦੇ ਰਹੀਆਂ ਹਨ ਕਿਉਂਕਿ ਸਾਮਰਾਜੀ ਸਾਜਿਸ਼ਾਂ ਕਾਰਨ ਸਾਡੇ ਦੇਸ਼ ਦੀ ਏਕਤਾ ਨੂੰ ਗੰਭੀਰ ਖਤਰਾ ਪੈਦਾ ਹੋ ਗਿਆ ਹੈ । ਪਿਛਲੇ ਮਹੀਨੇ ਦੌਰਾਨ ਸਾਡੀ ਪਾਰਟੀ ਦੇ 20 ਸੁਕੇਡਾਂ, ਜਿਹਨਾਂ ਵਿਚ ਹਰੇਕ ਸੁਕੇਡ ਵਿਚ 50 ਤੋਂ 250 ਵਿਅਕਤੀ ਸ਼ਾਮਲ ਸਨ, ਨੇ ਸੂਬੇ ਦੇ 2800 ਪਿੰਡਾਂ ਵਿਚ ਅਮਨ ਮਾਰਚਕੀਤਾ ਅਤੇ ਹਰੇਕ ਪਿੰਡ ਵਿਚ 500 ਤੋਂ 2000 ਤਕ ਲੋਕ ਇਹਨਾਂ ਅਮਨ ਮਾਰਚਾਂ ਵਿਚ ਸ਼ਾਮਲ ਹੋਏ । ਇਨ੍ਹਾਂ ਅਮਨ ਮਾਰਚਾਂਨੂੰ ਮਿਲੇਭਾਰੀ ਹੁੰਗਾਰੇ ਦਾ ਅਨੁਮਾਨ ਇਸਤੱਥ ਤੋਂ ਲਗਾਇਆ ਜਾ ਸਕਦਾਹੈ ਕਿ ਲੋਕਾਂ ਨੇ ਖੁਦ ਭੋਜਨ ਅਤੇ ਟਰਾਂਸਪੋਰਟ ਦਾ ਪ੍ਰਬੰਧ ਕੀਤਾ । ਇਸੇ ਤਰਾਂ ਦੀ ਹੀ ਮੁਹਿੰਮ ਪਹਿਲਾਂ ਸੀ. ਪੀ. ਆਈ ਵਲੋਂ ਜਥੇਬੰਦ ਕੀਤੀ ਗਈ ਸੀ । ਕੋਈ ਵੀ ਦੂਸਰੀ ਪਾਰਟੀ ਅਜਿਹੀ ਸਰਗਰਮੀ ਨਹੀਂ ਕਰ ਰਹੀ ।

ਪੰਜਾਬ ਵਿਚਲੀ ਸਥਿਤੀ ਸਿਰਫ ਪੰਜਾਬ ਦੇ ਲੋਕਾਂ ਲਈ ਹੀ ਚਿੰਤਾ ਦਾ ਕਾਰਨ ਨਹੀਂ ਹੈ, ਇਸ ਦੇ ਦੇਸ਼ ਲਈ ਵੀ ਵਡੇ ਸਿਟੇ ਨਿਕਲ ਸਕਦੇ ਹਨ । ਅੱਤ-ਵਾਦੀਆ ਦੀਆਂ ਸਰਗਰਮੀਆਂ ਸਿਰਫ ਪੰਜਾਬੀ ਲੋਕਾਂ ਦੀ ਏਕਤਾ ਉਤੇ ਹੀਅਸਰ-ਅੰਦਾਜ਼ ਨਹੀਂ ਹੋ ਰਹੀਆਂ ਸਗੋਂ ਸਮੁਚੇ ਦੇਸ਼ ਦੇ ਲੋਕਾਂ ਦੀ ਏਕਤਾ ਉਤੇ ਇਹਨਾਂ ਦਾ ਅਸਰ ਪੈ ਰਿਹਾ ਹੈ । ਕੇਂਦਰ ਸਰਕਾਰ ਨੂੰ ਸਿਰਫ ਮੁੱਠੀ ਕੁ ਭਰ ਅੱਤਵਾਦੀਆਂ ਦੀ ਗਰਿਫਤਾਰੀ ਉਤੇ ਹੀ ਸੰਤੁਸ਼ਟ ਨਹੀਂ ਹੋ ਜਾਣਾ ਚਾਹੀਦਾ । ਇਸ ਨੂੰ ਰਾਜਨੀਤਕ ਹੱਲ ਲੈ ਕੇ ਅਗੇ ਆਉਣਾ ਚਾਹੀਦਾ ਹੈ ਜਿਹੜਾ ਕਿ ਅੱਤਵਾਦੀਆਂ ਵਿਰੁੱਧ ਲੋਕਾ ਨੂੰ ਸਰਗਰਮ ਕਰਨ ਵਿਚ ਹੀ ਸਹਾਈ ਨਹੀਂ ਹੋਵੇਗਾ ਸਗੋਂ ਪੰਜਾਬ ਦੇ ਲੋਕਾਂ ਦੀ ਏਕਤਾ ਨੂੰ ਵੀ ਨਵੇਂ ਸਿਰਿਓਂ ਉਸਾਰੇਗਾ

---

## ਗ਼ਜ਼ਲ/ਕੇਸਰ ਸਿੰਘ "ਨੀਰ"

ਕਿਵੇਂ ਬੀਤੇਗੀ ਏਦਾਂ ਝੁਰਦਿਆਂ ਇਹ ਜ਼ਿੰਦਗੀ ਯਾਰੋ ?
ਹਨੇਰੇ ਚੀਰ ਕੇ ਹੀ ਆਂਵਦੀ ਏ ਰੌਸ਼ਨੀ ਯਾਰੋ !
ਤੁਸੀਂ ਹੋ ਸਮਝ ਬੈਠੇ ਜ਼ਿੰਦਗੀ ਨੂੰ ਸੇਜ ਫੁੱਲਾਂ ਦੀ,
ਕਿ ਫੁੱਲਾਂ ਨਾਲ ਹੁੰਦੀ ਕੰਡਿਆਂ ਦੀ ਦੋਸਤੀ ਯਾਰੋ !
ਗ਼ਮਾਂ ਵਿਚ ਡੁੱਬ ਕੇ ਹੀ ਹਾਥ ਪਾਈ ਏ ਖੁਸ਼ੀ ਦੀ ਮੈਂ,
ਗ਼ਮਾਂ ਦਾ ਜ਼ਹਿਰ ਪੀ ਕੇ ਨਿੱਖਰੀ ਏ ਮੁਸਕਣੀ ਯਾਰੋ ?
ਨ ਡੋਲੋ ਇੰਜ ਜੇਕਰ ਆ ਗਿਆ ਤੂਫ਼ਾਨ ਕਹਿਰਾਂ ਦਾ,
ਕਿਵੇਂ ਤੂਫ਼ਾਨ ਵਿਚ ਵੀ ਸ਼ਾਂਤ ਬੈਠੀ ਔਹ ਚਿੜੀ ਯਾਰੋ ?
ਮੁਹੱਬਤ ਮਰ ਨਹੀਂ ਸਕਦੀ ਕਦੇ ਵੀ ਜੱਗ ਦੇ ਉੱਤੋਂ,
ਮੁਹੱਬਤ ਤੋਂ ਬਿਨਾਂ ਹੈ ਕੀ ਭਲਾ ਇਹ ਜ਼ਿੰਦਗੀ ਯਾਰੋ?
ਜਦੋਂ ਇਸ ਅਕਲ ਰਾਣੀ ਨੇ ਅਸਾਂ ਨੂੰ ਔਝੜੀਂ ਪਾਇਆ,
ਤਦੋਂ ਹੈ ਕੰਮ ਆਈ ਸਦਾ ਹੀ ਦੀਵਾਨਗੀ ਯਾਰੋ !
ਕਰਾਮਾਤਾਂ, ਕ੍ਰਿਸ਼ਮੇ ਧਰਤ ਉੱਤੇ ਕਰ ਰਿਹਾ ਥਾਂ, ਥਾਂ,
ਬੜੀ ਸ਼ੈ ਹੈ ਬਣਾਈ ਧਰਤ ਉੱਤੇ ਆਦਮੀ ਯਾਰੋ !

## ਗ਼ਜ਼ਲ/ਦੇਵਿੰਦਰ ਜੋਸ਼

ਜੀਵੇ ਹਾਂ ਸਾਰੀ ਜ਼ਿੰਦਗੀ ਬਚਪਨ ਦੇ ਖ਼ਾਬ ਨਾਲ ।
ਮਹਿਕਾਂ ਦੀ ਮਿੱਠੀ ਯਾਦ ਵਿਚ ਸੂਹੇ ਗੁਲਾਬ ਨਾਲ ।
ਲੋਕਾਂ ਦਾ ਜਾਦੂ ਜਦੋਂ ਵੀ ਸਿਰ ਚੜ੍ਹਕੇ ਬੋਲਦੈ,
ਮੌਸਮ ਉਦੋਂ ਹੀ ਬਦਲਦਾ ਹੈ ਇਨਕਲਾਬ ਨਾਲ ।
ਫੁੱਲਾਂ ਦੀ ਰੁੱਤ ਆਈ ਤੇ ਆਕੇ ਚਲੀ ਗਈ.
ਏਨਾ ਕੁ ਸਾਕ ਰਹਿ ਗਿਐ ਸਾਡਾ ਸ਼ਬਾਬ ਨਾਲ ।
ਵ੍ਹਾਦੇ ਦਾ ਪੂਰਾ ਪਾਸ ਸੀ ਮਜਬੂਰੀਆਂ ਵੀ ਸਨ.
ਕਿੰਨੇ ਸਵਾਲ ਖੁਲ੍ਹ ਗਏ ਇਕੋ ਜਵਾਬ ਨਾਲ ।
ਵਰ੍ਹਿਆਂ ਦੇ ਬਾਦ ਆਏ ਤੇ ਆ ਕੇ ਚਲੇ ਗਏ,
ਉਹਨਾਂ ਦਾ ਰਿਸ਼ਤਾ ਖੂਬ ਹੈ ਸਾਡੇ ਪੰਜਾਬ ਨਾਲ ।
ਮੰਨਿਆ ਕਿ ਉਹਨਾਂ ਨਾਲ ਸਾਡੇ ਇਖਤਲਾਫ ਹਨ.
ਲੇਕਨ ਕਰਾਂਗੇ ਗੱਲ ਸਭ ਅਦਬੋ ਅਦਾਬ ਨਾਲ ।
ਸ਼ਿਕਵੇ ਮਿਟਾਉਣ ਵਾਸਤੇ ਆਏ ਨੇ 'ਜੋਸ਼' ਉਹ
ਏਨਾ ਕੁ ਰਖਦੇ ਯਾਦ ਨੇ ਸਾਨੂੰ ਹਿਸਾਬ ਨਾਲ ।

## ਗ਼ਜ਼ਲ/ਲਾਭ ਸਿੰਘ ਖੀਵਾ

ਗਹਿਰੀ ਧੂੜ ਭਰਿਆ, ਨੀਲਾ ਆਕਾਸ਼ ਹਾਂ ।
ਥੋਰ ਦੀ ਵਲਗਣ 'ਚ, ਖਿੜੀ ਕਪਾਸ ਹਾਂ ।
ਜਿਸਮ ਬੁਝਾ ਨਾ ਪਾਏ, ਰੂਹਾਂ ਮਿਟਾ ਨਾ ਸਕੀਆਂ,
ਪਤਾ ਨਹੀਂ ਕਿਹੜੇ ਰੰਗ ਦੀ, ਗੁੱਝੀ ਪਿਆਸ ਹਾਂ ।
ਮਿੱਟੀ ਦੇ ਘਰ ਬਣਾਕੇ, ਖੇਡਦਾ ਪਿਆ ਹਾਂ,
ਪਤਾ ਨਹੀਂ ਬੁੱਤ-ਸ਼ਿਕਨ ਜਾਂ, ਬੁੱਤ ਤਰਾਸ਼ ਹਾਂ ।
ਲੋਕਾਂ ਦੀ ਸੇਵਾ ਖ਼ਾਤਰ, ਹਰ ਵਾਰ ਦਲ ਬਦਲਾਂ,
ਮੈਂ ਲੋਕ-ਨੇਤਾ ਹਾਂ ਕਿ ਮੌਕਾ-ਸ਼ਨਾਸ਼ ਹਾਂ ।
ਰਾਂਝੇ ਦੀ ਵੰਝਲੀ ਹਾਂ ਕਿ ਬੈਂਤ ਵਾਰਸ ਦੀ,
ਜਾਂ ਕਿਸੇ ਕਵੀ ਦਾ, ਜ਼ਖ਼ਮੀ ਅਹਿਸਾਸ ਹਾਂ ।
ਭਾਵੇਂ ਮੇਰਾ ਤਿੜਕਿਆ, ਖ੍ਵਾਬਾਂ ਦਾ ਦਰਪਨ,
ਹਾਰੇ ਨਾਇਕ ਵਰਗੇ, ਪੋਰਸ ਦਾ ਸਾਹਸ ਹਾਂ ।

□

# ਪੰਜਾਬ ਮਸਲੇ ਦਾ ਕੋਈ ਹੱਲ ਨਿਕਲੇਗਾ ?

—ਹਰਕਿਸ਼ਨ ਸਿੰਘ ਸੁਰਜੀਤ

ਚਾਰ ਗਰੰਥੀਆਂ ਵਲੋਂ 9 ਸਤੰਬਰ 1987 ਨੂੰ ਹਰਮੰਦਰ ਸਾਹਿਬ ਤੋਂ ਜਾਰੀ ਕੀਤਾ ਬਿਆਨ ਨਿਰਸੰਦੇਹ ਦੇਸ਼ ਦੀ ਏਕਤਾ ਤੇ ਅਖੰਡਤਾ ਨੂੰ ਸਿਧੀ ਧਮਕੀ ਹੈ। ਇਸ ਬਿਆਨ ਨੇ ਪੰਜਾਬ 'ਚ ਅਤੇ ਨਾਲ ਹੀ ਦੇਸ਼ ਦੇ ਦੂਸਰੇ ਭਾਗਾਂ ਵਿਚ ਭਾਰੀ ਚਿੰਤਾ ਪੈਦਾ ਕਰ ਦਿਤੀ ਹੈ।

ਇਹ ਅਜਿਹਾ ਪਹਿਲਾ ਬਿਆਨ ਹੈ ਜੋ ਬਾਕਾਇਦਾ ਨਿਯੁਕਤ ਕੀਤੇ ਗਏ ਗਰੰਥੀਆਂ ਵਲੋਂ ਹਰਮੰਦਰ ਸਾਹਿਬ ਤੋਂ ਦਿਤਾ ਗਿਆ ਹੈ ਅਤੇ ਇਹ ਉਸ ਪਰਕਿਰਿਆ ਦਾ ਸਿਖਰ ਹੈ ਜੋ 26 ਜਨਵਰੀ 1986 ਦੇ ਹਰਮੰਦਰ ਸਾਹਿਬ ਵਿਚ ਕੀਤੇ ਗਏ ਸਰਬਤ ਖਾਲਸਾ ਨਾਲ ਅਰੰਭ ਹੋਈ ਸੀ ਜਿਥੇ ਉਨ੍ਹਾਂ ਨੇ ਪੰਥਕ ਕਮੇਟੀ ਕਾਇਮ ਕਰਨ ਦਾ ਐਲਾਨ ਕੀਤਾ ਸੀ ਜਿਸ ਨੇ 'ਪੰਥ' ਨੂੰ ਅਗਵਾਈ ਦੇਣ ਅਤੇ ਮੁੱਖ ਗਰੰਥੀਆਂ ਨੂੰ ਨਿਯੁਕਤ ਕਰਨ ਦੇ ਸਾਰੇ ਅਧਿਕਾਰ ਖੁਦ ਪ੍ਰਾਪਤ ਕਰ ਲਏ ਸਨ। ਅੱਤਵਾਦੀਆਂ ਨੇ ਉਹਨਾਂ ਸਾਰੇ ਮੁੱਖ ਗਰੰਥੀਆਂ ਨੂੰ ਮਾਨਤਾ ਦਿਵਾਉਣੀ ਚਾਹੀ ਸੀ ਜੋ ਕਿ ਉਹਨਾਂ ਵਲੋਂ ਨਿਯੁਕਤ ਕੀਤੇ ਗਏ ਸਨ। ਖੁਸ਼ਕਿਸਮਤੀ ਨੂੰ ਉਸ ਸਮੇਂ, ਐਸ. ਜੀ. ਪੀ. ਸੀ. ਦਾ ਕੰਟਰੋਲ ਅਜੇ ਅਕਾਲੀ ਦਲ (ਲੌਂਗੋਵਾਲ) ਦੇ ਹੱਥਾਂ ਵਿਚ ਹੀ ਸੀ ਅਤੇ ਗੁਰਦੁਆਰਿਆਂ ਦੇ ਪ੍ਰਬੰਧ ਦੇ ਸਬੰਧ ਵਿਚ ਕਨੂੰਨੀ ਅਧਿਕਾਰ ਐਸ. ਜੀ. ਪੀ. ਸੀ. ਕੋਲ ਹੀ ਸੀ। ਐਸ. ਜੀ. ਪੀ. ਸੀ, ਇਕ ਜਮਹੂਰੀ ਤੌਰ 'ਤੇ ਚੁਣੀ ਸੰਸਥਾ, ਗੁਰਦੁਆਰਿਆਂ ਦੇ ਪ੍ਰਬੰਧ ਸਬੰਧੀ ਆਪਣੀ ਅਥਾਰਟੀ ਨੂੰ ਵਰਤਣ ਦਾ ਯਤਨ ਕਰ ਰਹੀ ਸੀ ਜਦਕਿ ਅੱਤਵਾਦੀ ਇਕ ਤੋਂ ਬਾਅਦ ਦੂਸਰਾ ਗੁਰਦੁਆਰਾ ਕਬਜ਼ੇ 'ਚ ਕਰਨ ਵਾਸਤੇ ਯਤਨਸ਼ੀਲ ਸਨ। ਐਪਰ ਅਕਾਲੀ ਦਲ ਵਿਚ ਪਿਛੋਂ ਪਈ ਦੋਫਾੜ ਨੇ, ਜੋ ਮੁੱਖ ਕਰਕੇ ਸਤਾ ਲਈ ਸੰਘਰਸ਼ ਕਾਰਨ ਪਈ, ਸਿੱਖ ਅੱਤਵਾਦੀਆਂ ਦੇ ਹੌਂਸਲੇ ਬਹੁਤ ਵਧਾ ਦਿਤੇ ਅਤੇ ਨਵੰਬਰ 1986 ਵਿਚ ਐਸ. ਜੀ. ਪੀ. ਸੀ. ਦੇ ਪ੍ਰਧਾਨ ਦੀ ਚੋਣ ਸਮੇਂ ਅੱਤਵਾਦੀਆਂ ਦੀ ਹਮਾਇਤ ਨਾਲ ਬਾਦਲ-ਟੌਹੜਾ ਦੀ ਅਗਵਾਈ ਵਾਲਾ ਅਕਾਲੀ ਦਲ ਐਸ. ਜੀ. ਪੀ. ਸੀ. 'ਤੇ ਕਬਜ਼ਾ ਕਰ ਗਿਆ। ਇਸ ਤੋਂ ਤੁਰੰਤ ਪਿਛੋਂ ਕਮੇਟੀ ਨੇ ਅਕਾਲ ਤਖਤ ਅਤੇ ਹਰਮੰਦਰ ਸਾਹਿਬ ਦੇ ਮੁੱਖ-ਗਰੰਥੀਆਂ ਨੂੰ ਲਾਹ ਦਿਤਾ ਅਤੇ ਉਹਨਾਂ ਦੀ ਥਾਂ ਦਰਸ਼ਨ ਸਿੰਘ ਰਾਗੀ ਅਤੇ ਪੂਰਨ ਸਿੰਘ ਨੂੰ, ਜਿਹਨਾਂ ਦੀਆਂ ਅੱਤਵਾਦੀਆਂ ਨਾਲ ਨੰਗੀਆਂ ਚਿੱਟੀਆਂ ਹਮਦਰਦੀਆਂ ਸਨ, ਨਿਯੁਕਤ ਕਰ ਦਿਤਾ ਗਿਆ। ਐਪਰ ਅੱਤਵਾਦੀਆਂ ਨੂੰ ਇਹ ਵੀ ਪਰਵਾਨ ਨਹੀਂ ਸੀ। ਉਹਨਾਂ ਨੇ ਆਪਣੀ ਮਰਜ਼ੀ ਦੇ ਹੁਕਮ ਚਾੜੇ ਅਤੇ ਐਸ. ਜੀ. ਪੀ. ਸੀ. ਉਹਨਾਂ ਅੱਗੇ ਝੁੱਕ ਗਈ। ਉਹਨਾਂ ਨੇ 'ਸਰਬੱਤ ਖਾਲਸਾ' ਦੇ ਫੈਸਲੇ ਧੱਕੇ ਨਾਲ ਲਾਗੂ ਕਰਵਾ ਦਿਤੇ ਅਤੇ ਦਰਸ਼ਨ ਸਿੰਘ ਨੂੰ ਅਕਾਲ ਤਖਤ ਦਾ ਕੇਵਲ ਐਕਟਿੰਗ ਜਥੇਦਾਰ ਪਰਵਾਨ ਕੀਤਾ ਅਤੇ ਤਿੰਨ ਅੱਤਵਾਦੀਆਂ ਨੂੰ ਤਖਤ ਦਮਦਮਾ ਸਾਹਿਬ, ਤਖਤ ਕੇਸਗੜ੍ਹ ਸਾਹਿਬ ਅਤੇ ਅਕਾਲ ਤਖਤ ਦੇ ਗਰੰਥੀ ਵਜੋਂ ਨਿਯੁਕਤ ਕਰ ਦਿਤਾ। ਐਸ. ਜੀ. ਪੀ. ਸੀ. ਉਸ ਸਮੇਂ ਉਹਨਾਂ ਦੇ ਹੁਕਮਾਂ ਅੱਗੇ ਝੁੱਕ ਗਈ।

ਉਸ ਸਮੇਂ ਤੋਂ ਤਿੰਨ ਅੱਤਵਾਦੀ, ਜਿਹੜੇ ਗਰੰਥੀ ਨਿਯੁਕਤ ਕੀਤੇ ਗਏ ਸਨ, ਖਾਲਿਸਤਾਨ ਦੀ ਮੰਗ ਨਾਲ ਨੰਗੇ ਚਿੱਟੇ ਰੂਪ 'ਚ ਸਬੰਧਤ ਹੋ ਰਹੇ ਸਨ, ਪਬਲਿਕ ਇਕੱਠਾਂ ਨੂੰ ਸੰਬੋਧਨ ਕਰਦੇ ਸਨ, ਅੱਤਵਾਦੀਆਂ ਨੂੰ ਆਪਣੀ ਮੁਕੰਮਲ ਹਮਾਇਤ ਦੇ ਰਹੇ ਸਨ ਅਤੇ ਇਸ ਪ੍ਰਕ੍ਰਿਆ ਵਿਚ ਐਸ. ਜੀ. ਪੀ. ਸੀ. , ਬੇਵਸ ਹੋ ਕੇ ਰਹਿ ਗਈ। ਅੱਤਵਾਦੀਆਂ ਨੇ ਐਸ. ਜੀ. ਪੀ. ਸੀ. ਦੇ ਕਈ ਸਾਰੇ ਮੁਲਾਜ਼ਮ ਵੀ ਨਿਯੁਕਤ ਕਰ ਦਿਤੇ ਹਰਮੰਦਰ ਸਾਹਿਬ ਅਤੇ ਦੂਸਰੇ ਗੁਰਦੁਆਰਿਆਂ ਵਿਚ ਅੱਤਵਾਦੀ ਸਰਗਰਮੀਆਂ ਨੂੰ ਇਸ ਤਰਾਂ ਕਾਨੂੰਨੀ ਪਰਦਾ ਮੁਹੱਈਆ ਕਰ ਦਿਤਾ ਅਤੇ ਐਸ. ਜੀ. ਪੀ. ਸੀ. ਅਥਾਰਟੀਜ਼ ਕੋਲ ਹੋਰ ਕੋਈ ਚਾਰਾ ਨਾ ਰਹਿ ਗਿਆ ਸਿਵਾਏ ਗੈਰ-ਕਾਨੂੰਨੀ ਕਾਰਵਾਈਆਂ ਨੂੰ ਪਰਵਾਨ ਕਰਨ ਦੇ। ਐਸ. ਜੀ. ਪੀ. ਸੀ. ਆਗੂਆਂ ਨੇ ਉਦੋਂ ਹੀ ਉਸ ਤਕੜੀ ਚਿਤਾਵਨੀ ਨੂੰ ਨਾ ਸਮਝਿਆ ਜਦੋਂ ਅਬਨਾਸ਼ੀ ਸਿੰਘ ਐਸ. ਜੀ. ਪੀ. ਸੀ. ਸਕੱਤਰ ਅਤੇ ਡਾਕਟਰ ਬਲਬੀਰ ਸਿੰਘ ਬਰਾੜ ਨੂੰ ਅੱਤਵਾਦੀਆਂ ਨੇ ਅਗਵਾ ਕਰ ਲਿਆ ਅਤੇ ਬਾਹਰ ਲਿਜਾ ਕੇ ਕਤਲ ਕਰ ਦਿਤਾ।

ਜਦਕਿ ਵਿਵਹਾਰਕ ਰੂਪ 'ਚ ਧਾਰਮਿਕ ਰੂੜ੍ਹੀਵਾਦ ਦੇ ਨਾਂਅ 'ਤੇ ਗੁਰਦੁਆਰਿਆਂ ਅਤੇ ਸਿੱਖਾਂ ਦੇ ਮਾਮਲਿਆਂ ਨੂੰ ਅਗਵਾਈ ਦੇਣ ਦੇ ਸਾਰੇ ਅਧਿਕਾਰ ਉਹਨਾਂ ਨੇ ਅਖਤਿਆਰ ਕਰ ਲਏ, ਉਹਨਾਂ ਨੇ ਅਜੇ ਤੱਕ ਐਸ. ਜੀ. ਪੀ. ਸੀ. ਅਤੇ ਸੰਯੁਕਤ ਅਕਾਲੀ ਦਲ ਨਾਲ ਖੁਲ੍ਹਾ ਟਕਰਾਅ ਨਹੀਂ ਸੀ ਕੀਤਾ ਜਿਹਨਾਂ ਨੂੰ ਉਹ ਆਪਣੇ ਕਾਜ ਨੂੰ ਅੱਗੇ ਵਧਾਉਣ ਵਾਸਤੇ ਪਰਦੇ ਵਜੋਂ ਵਰਤ ਰਹੇ ਸਨ। ਇਸ ਨੇ ਉਹਨਾਂ ਨੂੰ ਆਪਣੇ ਵੱਖਵਾਦੀ ਮਨਸੂਬਿਆਂ ਦੀ ਪਰਾਪਤੀ ਵਾਸਤੇ ਦਹਿਸ਼ਤਗਰਦ ਸਰਗਰਮੀਆਂ ਤੇਜ਼ ਕਰਨ ਲਈ ਹੱਲਾ-ਸ਼ੇਰੀ ਦਿਤੀ। ਸਿੱਖ ਜਨ-ਸਮੂਹ ਜਿਹਨਾਂ ਨੇ ਕਿ ਅਜ਼ਾਦੀ ਸੰਗਰਾਮ ਵਿਚ ਵੱਡੇ ਪੱਧਰ 'ਤੇ ਸ਼ਮੂਲੀਅਤ ਕੀਤੀ ਸੀ, ਦੇਸ਼ ਦੀ ਏਕਤਾ ਤੋੜਨ ਬਾਰੇ ਨਹੀਂ ਸੋਚ ਸਕਦੇ। ਇਸ ਲਈ ਅੱਤਵਾਦੀ ਖਾਲਿਸਤਾਨ ਦੇ ਨਾਹਰੇ ਲਈ ਸਮਰਥਨ ਪ੍ਰਾਪਤ ਨਹੀਂ ਕਰ ਰਹੇ ਸਨ। ਸੰਯੁਕਤ ਅਕਾਲੀ ਦਲ ਵੀ, ਜੋ ਇਕ ਜਾਂ ਦੂਸਰੇ ਬਹਾਨੇ ਅੱਤਵਾਦੀਆਂ ਨੂੰ ਆਪਣੀ ਹਮਾਇਤ ਦੇ ਰਿਹਾ ਸੀ ਇਹ ਕਹਿਣ ਲਈ ਮਜਬੂਰ ਹੋਇਆ ਕਿ ਉਹ ਖਾਲਿਸਤਾਨ ਵਾਸਤੇ ਨਹੀਂ ਖਲੋਂਦੇ। ਅੱਤਵਾਦੀਆਂ ਦੀਆਂ ਸਰਗਰਮੀਆਂ ਤੇਜ਼ ਹੋਣ ਨਾਲ, ਗੁਰਦੁਆਰਿਆਂ ਦਾ ਕੰਟਰੋਲ ਉਹਨਾਂ ਦੇ ਹੱਥਾਂ ਵਿਚ ਚਲੇ ਜਾਣ ਨਾਲ, ਅੰਤਰ ਰੇਖਾ ਖਾਸ ਕਰ ਦੇਸ਼ ਦੀ ਏਕਤਾ ਦੇ ਮੁੱਦੇ 'ਤੇ ਉਭਰਨੀ ਅਰੰਭ ਹੋ ਗਈ। ਅਕਾਲ ਤਖਤ ਦੇ ਐਕਟਿੰਗ ਜਥੇਦਾਰ ਦਰਸ਼ਨ ਸਿੰਘ ਰਾਗੀ, ਜੋ ਕਿ ਸਿੱਖਾਂ ਦੇ ਧਾਰਮਿਕ ਤੇ ਰਾਜਨੀਤਕ ਮਾਮਲਿਆਂ ਦੇ ਸਬੰਧ ਵਿਚ 'ਹੁਕਮਨਾਮਾ' ਜਾਰੀ ਕਰਨ ਦੀ ਇਕੋ ਇਕ ਅਥਾਰਟੀ ਹੈ, 4 ਅਗਸਤ ਨੂੰ ਐਸ. ਜੀ. ਪੀ. ਸੀ. ਹੈਡਕੁਆਰਟਰਜ਼ ਵਿਖੇ ਸੰਸਾਰ ਸਿੱਖ ਕਨਵੈਨਸ਼ਨ ਸੱਦਣ ਲਈ ਮਜਬੂਰ ਹੋ ਗਿਆ। ਅੱਤਵਾਦੀਆਂ ਨੇ ਉਸ ਨੂੰ ਡਰਾਉਣ ਧਮਕਾਉਣ ਦੀ ਅਤੇ ਮੀਟਿੰਗ ਨੂੰ ਤੋੜਨ ਦੀ ਕੋਸ਼ਿਸ਼ ਕੀਤੀ। ਐਪਰ ਦਰਸ਼ਨ ਸਿੰਘ ਨੂੰ ਉਸ ਇਕੱਠ ਤੋਂ ਭਾਰੀ ਬਹੁਮੱਤ ਵਾਲੀ ਹਮਾਇਤ ਮਿਲੀ ਅਤੇ ਉਸਨੇ ਉਹ ਮਤਾ ਪਰਵਾਨ ਕਰਵਾ ਲਿਆ ਜੋ ਖਾਲਿਸਤਾਨ ਤੇ ਵੱਖਵਾਦ ਦੇ ਨਾਹਰੇ ਤੋਂ ਸਪਸ਼ਟ ਨਿਖੇੜਾ ਕਰਦਾ ਸੀ, ਉਸ ਨੂੰ ਇਸ ਪਿਛੋਂ ਤਿੰਨ ਮੁੱਖ ਗਰੰਥੀਆਂ ਸਮੇਤ ਸਿੱਖ 'ਅੱਤਵਾਦੀਆਂ ਵਲੋਂ' ਡਰਾਇਆ ਧਮਕਾਇਆ ਗਿਆ ਅਤੇ ਉਸਨੇ ਅੱਤਵਾਦੀਆਂ ਲਈ ਆਪਣੀਆਂ ਨੀਤੀਆਂ ਅਜ਼ਮਾਉਣ ਵਾਸਤੇ ਮੈਦਾਨ ਖੁਲ੍ਹਾ ਛੱਡਦਿਆਂ ਆਰਜ਼ੀ ਤੌਰ 'ਤੇ ਰਿਟਾਇਰ ਹੋਣ ਦਾ ਫੈਸਲਾ ਕਰ ਲਿਆ। ਉਹ ਸਖਸ਼ ਜਿਸਨੂੰ ਪਹਿਲਾਂ ਅੱਤਵਾਦੀਆਂ ਤੋਂ ਲੈ ਕੇ ਸੰਯੁਕਤ ਅਕਾਲੀ ਦਲ ਲੀਡਰਸ਼ਿਪ ਵਲੋਂ ਹਰ ਇਕ ਵਲੋਂ ਸਰਾਹਿਆ ਗਿਆ ਸੀ, ਅੱਤਵਾਦੀਆਂ ਲਈ ਕਾਰਵਾਈਆਂ ਕਰਨ ਵਾਸਤੇ ਮੈਦਾਨ ਖੁਲ੍ਹਾ ਛੱਡਣ ਲਈ ਮਜਬੂਰ ਹੋ ਗਿਆ। ਐਸ. ਜੀ. ਪੀ. ਸੀ. ਅਤੇ ਸੰਯੁਕਤ ਅਕਾਲੀ ਦਲ ਦੇ ਲੀਡਰਾਂ ਵਲੋਂ ਉਸ ਨੂੰ ਆਪਣੀ ਡਿਊਟੀ ਸੰਭਾਲਣ ਲਈ ਵਾਰ ਵਾਰ ਅਪੀਲਾਂ ਕੀਤੀਆਂ ਗਈਆਂ ਐਪਰ ਉਹ ਮਹਿਸੂਸ ਕਰਦਾ ਹੈ ਕਿ ਇਸ ਵਾਸਤੇ ਅਜੇ ਢੁਕਵਾਂ ਸਮਾਂ ਨਹੀਂ ਆਇਆ।

ਅੱਤਵਾਦੀਆਂ ਨੇ ਇਹ ਨੋਟ ਕਰ ਲਿਆ ਕਿ ਖੱਬੀਆਂ ਸ਼ਕਤੀਆਂ ਦੀ ਮੁਹਿੰਮ ਅਤੇ ਗ੍ਰਿਫਤਾਰ ਦਹਿਸ਼ਤਗਰਦਾਂ ਵਲੋਂ ਕੀਤੇ ਇਕਬਾਲਾਂ ਰਾਹੀਂ ਉਹਨਾਂ ਦੀਆਂ ਕਾਰਵਾਈਆਂ ਦੇ ਬੇਨਕਾਬ ਹੋਣ ਸਦਕਾ

ਉਹਨਾਂ ਵਿਰੁਧ ਲੋਕਾਂ ਦਾ ਰੋਂਅ ਆਏ ਦਿਨ ਤਬਦੀਲ ਹੋ ਰਿਹਾ ਹੈ। ਉਹਨਾਂ ਨੇ ਦੇਖ ਲਿਆ ਕਿ ਉਹਨਾਂ ਦੀ ਚਾਲ ਫੇਲ੍ਹ ਹੋ ਜਾਵੇਗੀ ਅਤੇ ਉਨ੍ਹਾਂ ਨੂੰ ਨਿਖੇੜ ਦਿਤਾ ਜਾਵੇਗਾ। ਇਸੇ ਦੌਰਾਨ ਚੋਟੀ ਦੇ ਅੱਤਵਾਦੀ ਜਿਵੇਂ ਕਿ ਹਰਜਿੰਦਰ ਸਿੰਘ ਜਿੰਦਾ, ਸਤ-ਨਾਮ ਸਿੰਘ ਬਾਵਾ ਵਰਗੇ ਗ੍ਰਿਫਤਾਰ ਕਰ ਲਏ ਗਏ, ਜਿਹਨਾਂ ਨੇ ਕਈ ਸਾਰੇ ਉਘੇ ਵਿਅਕਤੀਆਂ ਦੀਆਂ ਹਤਿਆਵਾਂ ਦੀਆਂ ਯੋਜਨਾਵਾਂ ਬਣਾਈਆਂ ਸਨ ਅਤੇ ਲੁਧਿ-ਆਣੇ ਵਰਗੀ ਬੈਂਕ ਡਕੈਤੀ ਵਿਚ ਸ਼ਾਮਲ ਸਨ, ਜਿਥੇ ਪੰਜਾਬ ਨੈਸ਼ਨਲ ਬੈਂਕ ਤੋਂ 5.7 ਕਰੋੜ ਰੁਪਏ ਲੁਟ ਲਏ ਗਏ ਸਨ। ਇਕ ਹੋਰ ਚੋਟੀ ਦਾ ਅੱਤਵਾਦੀ ਅਨੋਖ ਸਿੰਘ ਮਾਰਿਆ ਗਿਆ ਕਈ ਹੋਰ ਗ੍ਰਿਫਤਾਰ ਕਰ ਲਏ ਗਏ ਜਾਂ ਮਾਰੇ ਗਏ। ਇਸਨੇ ਵੀ ਅੱਤਵਾਦੀਆਂ ਦੇ ਹਮਾਇਤੀਆਂ ਉਪਰ ਪਸਤਹਿੰਮਤ ਕਰਨ ਵਾਲਾ ਪਰਭਾਵ ਪਾਇਆ।

ਇਸ ਸਥਿਤੀ ਦਾ ਸਾਹਮਣਾ ਕਰਨ ਵਾਸਤੇ, ਅੱਤਵਾਦੀਆਂ ਨੇ ਚਾਰ ਗਰੰਥੀਆਂ ਰਾਹੀਂ (ਚੌਥੇ ਨੇ ਪਿਛੋਂ ਇਸ ਬਿਆਨ ਨਾਲੋਂ ਆਪਣੇ ਅ ਪ ਨੂੰ ਵੱਖ ਕਰ ਲਿਆ ਸੀ) ਇਕ ਐਲਾਨ ਜਾਰੀ ਕਰ ਦਿਤਾ ਜਿਸ ਰਾਹੀਂ ਸੰਯੁਕਤ ਅਕਾਲੀ ਦਲ ਅਤੇ ਐਸ. ਜੀ. ਪੀ. ਸੀ ਮੁਕੰਮਲ ਰੂਪ 'ਚ ਬੇਮਤਲਬ ਬਣਾਕੇ, ਸਿੱਖ ਜਨ-ਸਮੂਹਾਂ ਨੂੰ ਅਗਵਾਈ ਤੇ ਸੇਧ ਦੇਣ ਦੀ ਪੂਰੀ ਅਥਾਰਟੀ ਆਪ ਅਖਤਿਆਰ ਕਰ ਲਈ ਅਤੇ 'ਮੁਕਤੀ ਸੰਘਰਸ਼' ਦਾ ਐਲਾਨ ਕਰ ਦਿਤਾ। ਉਨਾਂ ਨੇ ਸਿੱਖਾਂ ਨੂੰ ਵੀ ਸੱਦਾ ਦੇ ਦਿਤਾ ਕਿ ਉਹ 'ਗੁਲਾਮੀ ਦੀਆਂ ਜੰਜੀਰਾਂ ਤੋੜਨ' ਵਾਸਤੇ ਸੰਘਰਸ਼ ਵਿਚ ਅੱਤਵਾਦੀ ਨੌਜਵਾਨਾਂ ਨੂੰ ਆਪਣਾ 'ਮੁਕੰਮਲ ਤਹਿ ਦਿਲੋਂ ਸਮਰਥਨ' ਦੇਣ। ਉਹਨਾਂ ਨੇ ਇਹ ਵੀ ਐਲਾਨ ਕਰ ਦਿਤਾ ਕਿ 16 ਅੱਤਵਾਦੀ ਗਰੁਪ ਇਕ-ਮਿਕ ਹੋ ਗਏ ਹਨ ਅਤੇ ਆਪਣੇ ਮੰਤਵਾਂ ਦੀ ਪ੍ਰਾਪਤੀ ਵਾਸਤੇ ਛੇਤੀ ਹੀ ਨਵੇਂ ਪ੍ਰੋਗ-ਰਾਮ ਦਾ ਐਲਾਨ ਕਰ ਦਿਤਾ ਜਾਵੇਗਾ। ਉਹਨਾਂ ਨੇ ਸੰਯੁਕਤ ਅਕਾਲੀ ਦਲ ਨੂੰ ਵੀ ਨਾ ਬਖਸ਼ਿਆ ਜਿਹੜਾ ਕਿ ਉਹਨਾਂ ਅਨੁਸਾਰ ਬੇਮਤਲਬ ਬਣ ਗਿਆ ਹੈ ਅਤੇ ਇਸ ਦੇ ਆਗੂਆਂ ਨੂੰ ਕਿਹਾ ਕਿ ਉਹ ਚੂੜੀਆਂ ਪਾ ਲੈਣ। ਉਹਨਾਂ ਨੇ ਸਿੱਖਾਂ ਨੂੰ ਸੱਦਾ ਦਿਤਾ ਕਿ ਉਹ ਸਿੱਖ ਅੱਤਵਾਦੀਆਂ ਦੀ ਲੀਡਰਸ਼ਿਪ ਕਬੂਲ ਕਰ ਲੈਣ। ਉਨਾਂ ਨੇ ਅਕਾਲ ਤਖਤ ਦੇ ਐਕਟਿੰਗ ਜਥੇਦਾਰ ਦਰਸ਼ਨ ਸਿੰਘ ਰਾਗੀ ਦੀ ਨਿਖੇਧੀ ਕੀਤੀ ਅਤੇ ਕਿਹਾ ਕਿ ਉਹ 'ਮੈਦਾਨ ਛਡ ਕੇ ਭਜ ਗਿਆ ਹੈ।' ਉਹਨਾਂ ਨੇ 'ਮੁਕਤੀ ਸੰਘਰਸ਼' ਲਈ ਅਗਲੇ ਐਕਸ਼ਨ ਪ੍ਰੋਗਰਾਮ ਦਾ ਐਲਾਨ ਕਰਨ ਵਾਸਤੇ ਦਿਵਾਲੀ ਦਿਵਸ 'ਤੇ 'ਸਰਬਤ ਖਾਲਸਾ' ਸਦਣ ਦਾ ਐਲਾਨ ਕਰ ਦਿਤਾ।

ਇਸ ਐਲਾਨ ਦੀ ਦੇਸ ਵਿਚਲੀਆਂ ਸਮੂਹ ਰਾਜਨੀਤਕ ਸ਼ਕਤੀਆਂ ਨੇ ਨਿਖੇਧੀ ਕੀਤੀ। ਅਕਾਲੀ ਦਲ (ਲੌਂਗੋਵਾਲ) ਨੇ ਵੀ ਬਿਨਾਂ ਦੇਰੀ ਦੇ ਇਸ ਦੀ ਰਾਸ਼ਟਰ-ਵਿਰੋਧੀ ਚਾਲ ਵਜੋਂ ਸਪਸ਼ਟ ਨਿਖੇਧੀ ਕੀਤੀ। ਐਪਰ ਐਸ. ਜੀ. ਪੀ. ਸੀ. ਨੂੰ ਵੀ ਆਪਣੀ ਚੰਡੀਗੜ੍ਹ ਵਿਖੇ 12 ਸਤੰਬਰ ਦੀ ਮੀਟਿੰਗ ਵਿਚ ਇਸ ਦੀ ਨਿੰਦਾ ਕਰਨੀ ਪਈ ਇਹ ਖਾਸ ਕਰਕੇ ਓਹਨਾਂ ਦੇ ਵਲੋਂ ਅਕਾਲ ਤਖਤ ਦੇ ਐਕਟਿੰਗ ਜਥੇਦਾਰ ਅਤੇ ਸੰਯੁਕਤ ਅਕਾਲੀ ਦਲ ਉਪਰ ਕੀਤੇ ਹਮਲੇ ਕਾਰਨ ਕੀਤੀ ਗਈ। ਸੰਯੁਕਤ ਅਕਾਲੀ ਦਲ ਨੇ ਇਸ ਦੀ ਨਿਖੇਧੀ ਕਰਨ ਲਈ ਮੀਟਿੰਗ ਸੱਦੀ। ਅਕਾਲ ਤਖਤ ਦੇ ਐਕਟਿੰਗ ਜਥੇਦਾਰ ਦਰਸ਼ਨ ਸਿੰਘ ਨੇ ਇਹ ਸਪਸ਼ਟ ਕਰ ਦਿਤਾ ਕਿ ਉਹ ਅੱਤਵਾਦੀਆਂ ਦੇ ਦਬਾਅ ਅਗੇ ਨਹੀਂ ਝੁਕੇਗਾ ਅਤੇ ਗੁੱਸੇ ਦੇ ਰੌਂਅ ਵਿਚ ਉਸ ਨੇ ਅੱਤਵਾਦੀਆਂ ਨੂੰ ਕਿਹਾ ਕਿ ਉਹ ਆਪਣੇ ਦਾਅਪੇਚ ਅਜਮਾ ਕੇ ਦੇਖ ਲੈਣ। ਐਪਰ ਇਹ ਬਦਕਿਸਮਤੀ ਵਾਲੀ ਗਲ ਹੈ ਕਿ ਕੇਵਲ ਦੋ ਦਿਨ ਬਾਅਦ ਹੀ ਐਸ. ਜੀ. ਪੀ. ਸੀ. ਨੇ ਅੱਤਵਾਦੀਆਂ ਦੀਆਂ ਧਮਕੀਆਂ ਅਧੀਨ ਥਿੜਕਣਾ ਅਰੰਭ ਦਿਤਾ।

ਐਸ. ਜੀ. ਪੀ. ਸੀ. ਦੇ ਐਕਟਿੰਗ ਪ੍ਰਧਾਨ ਨੇ ਤਿੰਨ ਮੁੱਖ ਗਰੰਥੀਆਂ ਨੂੰ ਮਿਲਣ ਪਿਛੋਂ ਐਲਾਨ ਕਰ ਦਿਤਾ, "ਮੈਂ ਐਸ. ਜੀ. ਪੀ. ਸੀ. ਦੇ ਬੁਧਵਾਰ ਨੂੰ ਲਏ ਫੈਸਲੇ 'ਤੇ ਖੜਦਾ ਹਾਂ ਜੋ ਤਿੰਨ ਮੁੱਖ ਗਰੰਥੀਆਂ ਅਤੇ ਚਾਰ ਮੈਂਬਰੀ ਐਸ. ਜੀ. ਪੀ. ਸੀ. ਵਫਦ ਦੀ ਸਾਂਝੀ ਮੀਟਿੰਗ ਵਿਚ ਲਿਆ ਗਿਆ ਅਤੇ ਜਿਸ ਨੇ ਐਸ. ਜੀ. ਪੀ. ਸੀ. ਦਾ ਚੰਡੀਗੜ੍ਹ ਮਤਾ ਵਾਪਸ ਲੈ ਲਿਆ।" ਉਸੇ ਪ੍ਰਧਾਨ ਨੇ ਪਹਿਲੇ ਦਿਨ ਕਿਹਾ ਸੀ, "ਜੇ ਚਾਰ ਮੁਖ ਗਰੰਥੀਆਂ ਨੇ ਅੜੀ ਦਿਖਾਈ ਤਾਂ ਉਹਨਾਂ ਨੂੰ ਐਸ. ਜੀ. ਪੀ. ਸੀ. ਵਲੋਂ ਬਰਖਾਸਤ ਕੀਤੇ ਜਾਣ ਦੀ ਸੰਭਾਵਨਾ ਹੈ।"

ਐਪਰ ਫਿਰ 20 ਸਤੰਬਰ ਨੂੰ ਐਸ. ਜੀ. ਪੀ ਸੀ ਅਗਜ਼ੈਕਟਿਵ ਕਮੇਟੀ ਨੇ ਸਰਬਸੰਮਤੀ ਨਾਲ 12 ਸਤੰਬਰ ਨੂੰ ਚੰਡੀ-ਗੜ ਵਿਖੇ ਅਪਣਾਏ ਆਪਣੇ ਮਤੇ ਨੂੰ ਦਰਿੜਾਅ ਦਿਤਾ ਜਿਸ ਵਿਚ ਐਸ. ਜੀ. ਪੀ. ਸੀ ਨੇ ਮੁਖ ਗਰੰਥੀਆਂ ਦੀ ਅਥਾਰਟੀ ਨੂੰ ਚੁਣੌਤੀ ਦਿਤੀ ਸੀ। ਇਹ ਸਪੱਸ਼ਟ ਦਸਦਾ ਹੈ ਕਿ ਐਸ. ਜੀ. ਪੀ. ਸੀ ਅਤੇ ਸੰਯੁਕਤ ਅਕਾਲੀ ਦਲ ਨੂੰ ਅੱਤਵਾਦੀਆਂ ਨਾਲ ਟਕਰਾਅ ਵਾਲੀ ਲਾਈਨ ਲੈਣ ਲਈ ਮਜਬੂਰ ਕਰ ਦਿਤਾ ਗਿਆ ਹੈ।

ਗਰੰਥੀਆਂ ਦਾ ਐਲਾਨ ਨਿਰਸੰਦੇਹ


# ਹੁਣ ਤੁਸੀਂ ਵੈਨਕੂਵਰ-ਹਾਂਗਕਾਂਗ ਨਾਨ - ਸਟਾਪ ਜਾ ਸਕਦੇ ਹੋ

ਭਾਰਤ, ਪਾਕਿਸਤਾਨ, ਫੀਜੀ ਲੰਡਨ, ਸ੍ਰੀ ਲੰਕਾ, ਫਿਜ਼ਨੀਲੈਂਡ, ਹਵਾਈ ਜਾਂ ਦੁਨੀਆਂ ਦੇ ਹੋਰ ਕਿਸੇ ਵੀ ਹਿੱਸੇ ਵਿਚ ਜਾਣ ਲਈ

**ਘੱਟ ਤੋਂ ਘੱਟ ਕਿਰਾਏ**

ਜੇਕਰ ਤੁਸੀਂ ਲੰਡਨ ਰਾਹੀਂ ਜਾ ਰਹੇ ਹੋ ਤਾਂ ਤੁਸੀਂ 2 ਸੂਟਕੇਸ ਆਪਣੇ ਨਾਲ ਲਿਜਾ ਸਕਦੇ ਹੋ। ਜੇਕਰ ਤੁਸੀਂ ਲੰਡਨ ਠਹਿਰ ਕੇ ਵੀ ਜਾਣਾ ਹੈ ਤਾਂ ਵੀ ਭਾਰ ਪੂਰਾ ਲਿਜਾ ਸਕਦੇ ਹੋ।



AUTHORIZED AGENTS FOR: • AIR CANADA • BRITISH AIRWAYS • CANADIAN PACIFIC AIRLINES • CATHAY PACIFIC AIRWAYS • THAI INTERNATIONAL AIRWAYS & OTHER MAJOR AIRLINES.

**BAINS TRAVEL SERVICE**

6364 Fraser Street,
Vancouver, B.C.
Ph. 324-2277

935 Marine Drive
Capilano Mall,
N. Vancouver

1710 Douglas St.
Victoria, B.C.
Ph. 386-6363

CALL TOLL FREE **1-800-663-6693** (B.C. & ALBERTA)

ਸਾਮਰਾਜੀਆਂ ਦੇ ਹੁਕਮਾਂ ਉਪਰ ਸਿਖ ਅੱਤਵਾਦੀਆਂ ਦੇ ਹੌਂਸਲੇ ਬਨ੍ਹਾਉਣ ਦੇ ਵਾਸਤੇ ਮਯੂਸੀ 'ਚ ਚੁਕਿਆ ਕਦਮ ਹੈ ਜਿਹਨਾਂ ਦੀਆਂ ਮੁਜਰਮਾਨਾਂ ਤੇ ਰਾਸ਼ਟਰ ਵਿਰੋਧੀ ਸਰਗਰਮੀਆਂ ਉਹਨਾਂ ਨੂੰ ਲੋਕਾਂ ਤੋਂ ਨਿਖੇੜ ਰਹੀਆਂ ਹਨ । ਉਹ ਲੋਕਾਂ ਨੂੰ ਐਲਾਨਾਂ ਤੇ ਧਮਕੀਆਂ ਨਾਲ ਝੁਕਾ ਨਹੀਂ ਸਕਦੇ। ਘਟ ਗਿਣਤੀਆਂ 'ਚ ਅਤੰਕ ਪੈਦਾ ਕਰਨ ਦੇ ਉਹਨਾਂ ਦੇ ਯਤਨਾਂ ਵਿਰੁਧ ਦੇਸ਼ਭਗਤਕ ਸ਼ਕਤੀਆਂ ਵਲੋਂ ਇਕਮੁੱਠ ਹੋ ਕੇ ਲੜਿਆ ਜਾਵੇਗਾ ।

ਐਪਰ ਉਹਨਾਂ ਦੀ ਜਿਹੜੇ ਐਸ. ਜੀ. ਪੀ. ਸੀ. ਅਤੇ ਸੰਯੁਕਤ ਅਕਾਲੀ ਦਲ ਦੀ ਅਗਵਾਈ ਵਿਚ ਹਨ ਉਹਨਾਂ ਦੀ ਕੀ ਪੋਜੀਸ਼ਨ ਹੈ ਜਿਹੜੇ ਅਜੇ ਕਲ ਤੱਕ ਇਹ ਪੋਜੀਸ਼ਨ ਲੈ ਰਹੇ ਸਨ ਕਿ ਉਹ ਕੇਵਲ ਸਿੱਖ ਕਾਜ ਲਈ ਲੜ ਰਹੇ ਹਨ ਬਲਕਿ ਖਾਲਿਸਤਾਨ ਦੇ ਨਾਹਰੇ ਦੀ ਹਮਾ-ਇਤ ਨਹੀਂ ਕਰ ਰਹੇ ? ਰੂੜੀਵਾਦ ਆਪਣੇ ਮੰਤਕੀ ਸਿੱਟੇ 'ਤੇ ਪਹੁੰਚ ਗਿਆ ਹੈ ਜਿਥੇ ਅਕਾਲੀ ਲਹਿਰ ਦੀਆਂ ਸਾਰੀਆਂ ਰਿਵਾਇਤਾਂ ਨੂੰ ਲਾਂਭੇ ਸੁਟ ਦਿੱਤਾ ਗਿਆ ਹੈ । ਚੁਣੀ ਸੰਸਥਾ ਨੂੰ ਅਪ੍ਰਸੰਗਕ ਤੇ ਬੇਮਤਲਬ ਬਣਾ ਦਿੱਤਾ ਗਿਆ ਹੈ ਅਤੇ ਮੁਠੀਭਰ ਅਤਵਾਦੀਆਂ ਨੇ ਧਾਰਮਿਕ ਰੂੜੀਵਾਦ ਦੇ ਨਾਂਅ ਵਿਚ ਸਿੱਖ ਜਨਸਮੂਹਾਂ ਨੂੰ ਅਗਵਾਈ ਤੇ ਸੇਧ ਦੇਣ ਦੀ ਸਮੁੱਚੀ ਅਥਾਰਟੀ ਅਖਤਿਆਰ ਕਰ ਲਈ ਹੈ । ਕੀ ਉਹ ਇਹ ਸਬਕ ਲੈਣਗੇ ਕਿ ਅੱਤ-ਵਾਦ ਦੀ ਦਬਾਅ ਪਾਉਣ ਵਾਸਤੇ ਦਾਅ-ਪੇਚਕ ਵਰਤੋਂ ਖੁਦ ਲਹਿਰ ਦਾ ਕੰਟਰੋਲ ਹੀ ਹਥੋਂ ਗੁਆਉਣ ਵਿਚ ਹੋ ਨਿਬੜਦੀ ਹੈ ? ਕੀ ਉਹ ਹੁਣ ਵੀ ਇਸ ਗਲ ਦਾ ਅਹਿਸਾਸ ਕਰਨਗੇ ਕਿ ਅੱਤਵਾਦੀਆਂ ਅੱਗੇ ਝੁਕਣ ਦੀ ਨੀਤੀ ਅਪਣਾ ਕੇ ਉਹ ਸਮੁੱਚੀ ਪਹਿਲਕਦਮੀ ਖੁਹਾ ਬੈਠੇ ਅਤੇ ਅਜ ਖੁਦ ਅੱਤਵਾਦੀਆਂ ਦੇ ਰਹਿਮ 'ਤੇ ਹਨ ? ਉਹਨਾਂ ਨੇ 'ਸਿੱਖ ਪੰਥ' ਦੇ ਹਿੱਤਾਂ ਦੀ ਰਾਖੀ ਕਰਨ ਦਾ ਨਾਹਰਾ ਚੁਕਿਆ ਸੀ ਐਪਰ ਉਹਨਾਂ ਵਿਚ ਸਿੱਖ ਅੱਤਵਾਦੀਆ ਦੇ ਦਬਾਅ ਅੱਗੇ ਖੜਨ ਦਾ ਹੌਂਸਲਾ ਨਹੀਂ ਹੈ ਅਤੇ ਇਥੋਂ ਤਕ ਕਿ ਉਹਨਾ ਵਿਚ ਅਕਾਲੀ ਦਲ ਦੀਆਂ ਰਿਵਾਇਤਾਂ ਅਤੇ ਜਮਹੂਰੀ ਸੰਸ਼ਥਾਵਾਂ ਦੀ ਰਾਖੀ ਕਰਨ ਦਾ ਵੀ ਹੌਂਸਲਾ ਨਹੀਂ ਹੈ । ਕੀ ਉਹ ਹੁਣ ਵੀ ਅਹਿਸਾਸ ਕਰਨਗੇ ਕਿ ਹੁਣ ਸਮਾਂ ਆ ਗਿਆ ਹੈ, ਭਾਵੇਂ ਕਿ ਇਹ ਭਾਰੀ ਮੁਲ ਤਾਰਨ ਪਿੱਛੋਂ ਹੀ ਆਇਆ ਹੈ, ਜਦੋਂ ਉਹਨਾਂ ਨੂੰ ਅੱਤਵਾਦੀਆਂ ਤੋਂ ਨਿਖੇੜਾ ਕਰਨਾ ਹੋਵੇਗਾ ਅਤੇ ਘੱਟੋ ਘੱਟ ਜਮਹੂਰੀ ਤੌਰ 'ਤੇ ਚਣੀਆਂ ਸੰਸਥਾਵਾਂ ਦੀ ਰਾਖੀ ਵਾਸਤੇ, ਜਿਹਨਾਂ ਵਾਸਤੇ ਹਜਾਰਾਂ ਹੀ ਹਜਾਰਾਂ ਅਕਾਲੀਆਂ ਨੇ ਕੁਰਬਾਨੀਆਂ ਕੀਤੀਆਂ ਸਨ, ਖੁਲਕੇ ਸਾਹਮਣੇ ਆਉਣਾ ਪਵੇਗਾ । ਸ੍ਰੀ ਬਰਨਾਲਾ ਦੀ ਅਗਵਾਈ ਵਾਲਾ ਅਕਾਲੀ ਦਲ (ਲੌਂਗੋਵਾਲ) ਸਿੱਖ ਅੱਤਵਾਦੀਆਂ ਵਿਰੁਧ ਸਪਸ਼ਟ ਸਟੈਂਡ ਲੈਂਦਾ ਰਿਹਾ ਹੈ, ਇਥੋਂ ਤੱਕ ਕਿ ਉਸ ਨੇ ਅਕਾਲ ਤਖਤ ਦੇ ਜਥੇਦਾਰ ਦੇ ਹੁਕਮ-ਨਾਮੇ ਵਿਰੁੱਧ ਵੀ ਸਟੈਂਡ ਲਿਆ ਜਦੋਂ ਉਸ ਨੇ ਰਾਜ ਦੇ ਮਾਮਲਿਆਂ ਵਿਚ ਦਖਲ ਦੇਣਾ ਚਾਹਿਆ ਸੀ ਜਦੋਂ ਭਾਰਤੀ ਸੰਵਿਧਾਨ ਦੀ ਮੁਖ ਮੰਤਰੀ ਵਲੋਂ ਚੁਕੀ ਸਹੁੰ ਵਿਚਕਾਰ ਅਕਾਲ ਤਖਤ ਦੇ ਜਥੇਦਾਰ ਵਲੋਂ ਜਾਰੀ ਕੀਤੇ ਗਏ ਹੁਕਮਨਾਮੇ ਵਿਚਾਲੇ ਵਿਰੋਧ-ਤਾਈ ਪੈਦਾ ਹੋ ਗਈ ਸੀ ਜਿਸ ਵਿਚ ਮੁਖ ਮੰਤਰੀ ਨੂੰ ਧਾਰਮਿਕ ਅਥਾਰਟੀ ਅਗੇ ਝੁਕਣ ਲਈ ਕਿਹਾ ਗਿਆ ਸੀ । ਐਪਰ ਅਕਾਲੀ ਦਲ (ਲੌਂਗੋਵਾਲ) ਨੂੰ ਇਸ ਘਟਨਾ ਤੋਂ ਹੋਰ ਇਹ ਸਬਕ ਲੈਣਾ ਹੋਵੇਗਾ ਕਿ ਧਰਮ ਤੇ ਰਾਜਨੀਤੀ ਇਕ-ਠਿਆਂ ਨਹੀਂ ਚਲ ਸਕਦੇ । ਦੇਸ਼ ਦੀ ਏਕਤਾ ਦੀ ਰਾਖੀ ਕਰਨ ਵਾਸਤੇ ਇਹਨਾਂ ਨੂੰ ਵੱਖ ਵੱਖ ਕਰਨਾ ਹੋਵੇਗਾ । ਜਮਾਤੀ ਸਮਾਜ ਵਿਚ ਰਾਜਨੀਤੀ ਸਮਾਜ ਵਿਚ ਵਿਚਰ ਰਹੀਆਂ ਭਿੰਨ ਭਿੰਨ ਜਮਾਤਾਂ ਦੇ ਹਿੱਤਾਂ ਤੋਂ ਸੇਧਤ ਹੁੰਦੀ ਹੈ । ਸਿੱਖ ਰੂੜੀ-ਵਾਦ ਦੇ ਨਾਂਅ 'ਤੇ ਕੁਝ ਤੱਤ, ਜਿਹਨਾਂ ਨੂੰ ਖਾਲਿਸਤਾਨ ਵਿਚ ਸਿਖਲਾਈ ਦਿਤੀ ਗਈ ਹੈ, ਹਥਿਆਰ ਦਿਤੇ ਗਏ ਹਨ ਅਤੇ ਜਿਹੜੇ ਸਾਮਰਾਜੀਆਂ ਦੀ ਹਮਾਇਤਪ੍ਰਾਪਤ ਹਨ, ਸਾਡੇ ਦੇਸ਼ ਨੂੰ ਅਸਥਿਰ ਕਰਨ 'ਤੇ ਤੁਲੇ ਹੋਏ ਹਨ । ਉਹਨਾਂ ਨੂੰ ਉਹਨਾਂ ਦੀ ਘਿਨਾਉਣੀ ਚਾਲ ਵਾਸਤੇ ਸਿੱਖ ਸੰਸਥਾਵਾਂ ਦੀ ਅਥਾਰਟੀ ਵਰਤਣ ਦੀ ਆਗਿਆ ਨਹੀਂ ਦਿਤੀ ਜਾਣੀ ਚਾਹੀਦੀ । ਪਿਛਲੇ 6 ਸਾਲਾਂ ਦੌਰਾਨ ਸਿੱਖ ਜਨਸਮੂਹ ਨੇ ਦਰਸਾਅ ਦਿੱਤਾ ਹੈ ਕਿ ਉਹ ਅਮਨ ਅਤੇ ਦੇਸ਼ ਦੀ ਏਕਤਾ ਲਈ ਖਲੋਂਦੇ ਹਨ । ਇਹ ਉਹਨਾਂ ਲਈ ਸ਼ਾਬਾਸ਼ ਵਾਲੀ ਗਲ ਹੈ ਕਿ ਸਿੱਖ ਅੱਤਵਾਦੀਆਂ ਦੀਆਂ ਭੜ-ਕਾਹਟਾਂ ਤੇ ਉਕਸਾਹਟਾਂ ਦੇ ਬਾਵਜੂਦ ਸਮੁੱਚੇ ਰਾਜ ਵਿਚ ਫਸਾਦ ਦੀ ਇਕ ਵੀ ਘਟਨਾ ਨਹੀਂ ਵਾਪਰੀ । ਹਰ ਪ੍ਰਕਾਰ ਦੇ ਅਕਾਲੀ ਆਗੂਆਂ ਨੂੰ ਸਿੱਖਾਂ ਦੇ ਨਰੋਏ ਜਜਬਾਤਾਂ ਨੂੰ ਇਕਮੁੱਠ ਕਰਨਾ ਹੋਵੇਗਾ ਅਤੇ ਉਹਨਾਂ ਨੂੰ ਸਿੱਖ ਅੱਤਵਾਦੀਆਂ ਦੀਆਂ ਬਲੈਕਮੇਲਿੰਗ ਦੀਆਂ ਧਮਕੀਆਂ ਅੱਗੇ ਝੁਕਣਾ ਨਹੀਂ ਚਾਹੀਦਾ । ਉਹ ਆਪਣੇ ਮੌਜੂਦਾ ਵਤੀਰੇ ਸਦਕਾ ਇਤਿਹਾਸ ਦੇ ਪੰਨਿਆਂ ਵਿਚ ਅਜੇਹੇ ਵਿਅਕਤੀਆਂ ਵਜੋਂ ਜਾਣੇ ਜਾਣਗੇ ਜਿਹਨਾਂ ਨੇ ਜਨ-ਸਮੂਹ ਨੂੰ ਰਾਸ਼ਟਰ ਵਿਰੋਧੀ ਸਰ-ਗਰਮੀਆਂ ਕਰ ਰਹੇ ਅੱਤਵਾਦੀਆਂ ਦੇ ਰਹਿਮ ਉਪਰ ਛੱਡ ਦਿਤਾ । ਉਹਨਾਂ ਨੂੰ ਹੁਣ ਆਪਣੀ ਜ਼ੁੰਮੇਂਵਾਰੀ ਦਾ ਅਹਿਸਾਸ ਕਰਨਾ ਚਾਹੀਦਾ ਹੈ ।

ਦੂਜੇ ਪਾਸੇ ਪੰਜਾਬ ਦੇ ਗਵਰਨਰ, ਸ੍ਰੀ ਸਿਧਾਰਥ ਸ਼ੰਕਰ ਰੇਅ ਨੇ, ਜੋ ਕਿ ਰਾਜ ਦੇ ਮਾਮਲਿਆਂ ਦਾ ਐਸ ਵੇਲੇ ਕਰਤਾ ਧਰਤਾ ਹੈ, ਇਹ ਬਿਆਨ ਦੇ ਮਾਰਿਆ ਹੈ। ਅਖਬਾਰਾਂ 'ਚ ਛਪੀਆਂ ਰਿਪੋਟਾਂ ਅਨੁਸਾਰ ਉਹਨਾਂ ਨੇ ਕਿਹਾ ਹੈ ਕਿ ਪੰਜਾਬ ਵਿਚ ਸਥਿਤੀ ਚਾਰ ਹਫਤਿਆਂ 'ਚ ਆਮ ਵਰਗੀ ਹੋ ਜਾਵੇਗੀ (ਗਵਰਨਰ ਨੇ ਇਸ ਬਿਆਨ ਦੀ ਪਿਛੋਂ ਤਰਦੀਦ ਕਰ ਦਿਤੀ ਸੀ)। ਜੇ ਕਿਸੇ ਨੌਕਰਸ਼ਾਹ ਨੇ ਇਹ ਬਿਆਨ ਦਿਤਾ ਹੁੰਦਾ ਤਾਂ ਇਸ ਦਾ ਨੋਟਿਸ ਲੈਣ ਦੀ ਲੋੜ ਨਹੀਂ ਸੀ।ਐਪਰਐਸ.ਐਸ.ਰੇਅ ਲੰਬੇ ਸਮੇਂ


## ਪੰਜਾਬੀ ਮਾਰਕਿਟ ਵਿਚ

# ਮਾਨ ਸ਼ੂਅ ਸਟੋਰ

ਆਦਮੀਆਂ, ਔਰਤਾਂ, ਅਤੇ ਬੱਚਿਆਂ ਦੇ ਜੁੱਤੇ,
ਚਮੜੇ ਦੇ ਅਟੈਚੀ, ਪਰਸ ਅਤੇ ਹੋਰ ਸਾਮਾਨ

MENS, LADIES & CHILDRENS'
SHOES AND LEATHER
LUGGAGE & ACCESSORIES

ਮਹਿੰਦਰ ਸਿੰਘ ਮਾਨ    **Mohinder Singh Mann**

**321-4353**

**MANN SHOE STORE**
**6570 MAIN ST., VANCOUVER, B.C.**

ਤੋਂ ਰਾਜਨੀਤੀ ਵਿਚ ਚਲੇ ਆ ਰਹੇ ਹਨ ਅਤੇ ਸਮਝਦੇ ਹਨ ਕਿ ਪੰਜਾਬ ਵਿਚ ਅੱਤਵਾਦੀਆਂ ਦੀ ਸਮੱਸਿਆ ਅਜੇਹੀ ਨਹੀਂ ਜਿਸ ਨਾਲ ਕੇਵਲ ਪ੍ਰਸਾਸ਼ਕੀ ਕਦਮਾਂ ਨਾਲ ਹੀ ਨਿਪਟਿਆ ਜਾ ਸਕਦਾ ਹੋਵੇ।

ਇਹ ਅਸਲ ਵਿਚ ਰਾਜਨੀਤਕ ਸਮੱਸਿਆ ਹੈ। ਜੇ ਉਹ 1981 ਤੋਂ ਪਿਛੋਂ ਰਾਜ ਵਿਚ ਅੱਤਵਾਦ ਦੇ ਵਾਧੇ ਤੇ ਵਿਕਾਸ ਦੀ ਸਮਸਿਆ 'ਤੇ ਦਿਮਾਗ ਲਾਉਣ ਦਾ ਯਤਨ ਕਰਨ ਤਾਂ ਉਹ ਠੀਕ ਇਸ ਸਿੱਟੇ 'ਤੇ ਹੀ ਪਹੁੰਚਣਗੇ ਕਿ ਇਹ ਕੇਂਦਰ ਸਰਕਾਰ ਵਲੋਂ ਅਪਣਾਈ ਨੀਤੀ ਦਾ ਹੀ ਸਿੱਟਾ ਹੈ ਜਿਸ ਨੇ ਰਾਜ ਵਿਚ ਅੱਤਵਾਦ ਨੂੰ ਵਧਣ ਲਈ ਅਧਾਰ ਮੁਹ-ਈਆ ਕੀਤਾ।

ਇਸਦਾ ਅਰਥ ਹੈ ਕਿ ਉਸ ਨੇ ਅਜੇ ਪੰਜਾਬ ਦੀ ਸਮੱਸਿਆ ਦੀ ਡੂੰਘਾਈ ਨਹੀਂ ਸਮਝੀ। ਉਹ ਇਹ ਸਮਝਣੇ 'ਚ ਅਸਫਲ ਹਨ ਕਿ ਭਾਵੇਂ ਲੋਕ ਅੱਤਵਾਦ ਦੀ ਹਮਾਇਤ ਨਹੀਂ ਕਰਦੇ, ਕੇਂਦਰ ਸਰ-ਕਾਰ ਵਿਰੁਧ ਵੀ ਵੱਡੀ ਨਫਰਤ ਵਿਕਸਤ ਹੋ ਰਹੀ ਹੈ। ਅੱਤਵਾਦ ਵਿਰੁਧ ਉਹ ਪੰਜਾਬ ਦੇ ਲੋਕਾਂ ਨੂੰ ਕਿਉਂ ਨਹੀਂ ਉਭਾਰ ਸਕਿਆ ? ਖਤਰੇ ਵਿਰੁਧ ਕਾਂਗਰਸ ਪਾਰਟੀ ਕਿਉਂ ਸਰਗਰਮੀ ਨਾਲ ਲੜਾਈ ਨਹੀਂ ਦੇ ਸਕੀ ਹੈ ?

ਇਹਨਾਂ ਸੁਆਲਾਂ ਦੇ ਜੁਆਬ ਦੇਣ ਲਈ ਉਸਨੂੰ ਆਪਣੇ ਅੰਦਰ ਝਾਤ ਮਾਰਨੀ ਪਵੇਗੀ। ਲੋਕਾਂ ਦੇ ਹਰਕਤ ਵਿਚ ਨਾ ਆਉਣ ਦਾ ਮੂਲ ਕਾਰਨ ਇਹ ਹੈ ਕਿ ਭਾਵੇਂ ਉਹ ਦੇਸ਼ ਦੀ ਏਕਤਾ ਲਈ ਖਲੋਂਦੇ ਹਨ ਅਤੇ ਅੱਤਵਾਦ ਦੀਆਂ ਤਾਕਤਾਂ ਦੇ ਵਿਰੁੱਧ ਹਨ, ਇਸ ਦੇ ਨਾਲ ਹੀ ਪਿਛਲੇ ਪੰਜ ਸਾਲਾਂ ਦੌਰਾਨ ਲੋਕਾਂ ਦੇ ਮਨਾਂ ਵਿਚ ਇਹ ਭਾਵਨਾ ਡੂੰਘੀ ਘਰ ਕਰ ਗਈ ਹੈ ਕਿ ਕੇਂਦਰ ਸਰਕਾਰ ਨੇ ਪੰਜਾਬੀ ਲੋਕਾਂ ਦੀਆਂ ਮੰਗਾਂ ਨਾਲ ਇਨਸਾਫ ਨਹੀਂ ਕੀਤਾ ਜੋ ਕਿ ਇਹ ਸਥਿਤੀ ਪੈਦਾ ਕਰਨ ਲਈ ਜ਼ੁੰਮੇਂਵਾਰ ਹੈ। ਸ੍ਰੀ ਐਸ. ਐਸ. ਰੇਅ ਜਾਂ ਕੇਂਦਰ ਸਰਕਾਰ ਦੇ ਆਗੂਆਂ ਨੂੰ ਇਹ ਜੁਆਬ ਦੇਣਾ ਪਵੇਗਾ ਕਿ ਜੋਧਪੁਰ ਦੇ ਬੇਕਸੂਰ ਨਜ਼ਰਬੰਦਾਂ ਨੂੰ ਏਥੋਂ ਤੱਕ ਕਿ ਦੋ ਸਾਲ ਤੋਂ ਦੀ ਵਧ ਸਮੇਂ ਤੋਂ ਜੇਲ੍ਹ ਵਿਚ ਡੱਕੀ ਕਿਉਂ ਰੱਖਿਆ ਜਾ ਰਿਹਾ ਹੈ ? ਉਹਨਾਂ ਨੂੰ ਇਸ ਸੁਆਲ ਦਾ ਵੀ ਜੁਆਬ ਦੇਣਾ ਹੋਵੇਗਾ ਕਿ ਸਮਾਂ-ਬੱਧ ਪੰਜਾਬ ਸਮਝੌਤੇ ਦੀ ਇਕ ਵੀ ਮਹੱਤਵਪੂਰਨ ਮਦ ਨੂੰ ਹੁਣ ਤਕ ਅਮਲ 'ਚ ਕਿਉਂ ਨਹੀਂ ਲਿਆਂਦਾ ਗਿਆ ? ਇਸ ਸਮਝੌਤੇ ਦੀਆਂ ਹਜ਼ਾਰਾਂ ਦੀ ਗਿਣਤੀ ਵਿਚ ਕਾਪੀਆਂ ਕੇਂਦਰ ਸਰਕਾਰ ਦੇ ਲੋਕ ਸੰਪਰਕ ਵਿਭਾਗ ਵਲੋਂ ਅੰਗਰੇਜ਼ੀ ਅਤੇ ਹਿੰਦੀ ਵਿਚ ਵੰਡੀਆਂ ਗਈਆਂ। ਸ਼ਬਦ ਬਹੁਤ ਸਪਸ਼ਟ ਹਨ। ਨਿਯੁਕਤ ਕੀਤੇ ਗਏ ਵਖ ਵਖ ਕਮਿਸ਼ਨ ਵੱਖ ਵੱਖ ਮਸਲਿਆਂ ਬਾਰੇ ਫਤਵਾ ਦੇਣ ਲਈ ਹਵਾਲਾ ਸ਼ਰਤਾਂ ਤੇ ਪਾਬੰਦ ਕਿਉਂ ਨਹੀਂ ਰਹੇ ? ਇਹਨਾਂ ਸੁਆਲਾਂ ਦਾ ਸਿਰਫ ਕੋਈ ਯੋਗ ਜਵਾਬ ਹੀ ਪੰਜਾਬ ਸਮੱਸਿਆ ਦੇ ਹੱਲ ਲਈ ਕੋਈ ਰਾਹ ਮੁਹਈਆ ਕਰ ਸਕਦਾ ਹੈ। ਐਸ. ਐਸ. ਰੇਅ ਜੋ ਮਰਜ਼ੀ ਕਹੇ ਦਹਿਸ਼ਤਗਰਦੀ ਨੂੰ ਸਿਰਫ ਪ੍ਰਸ਼ਾਸਨਿਕ ਢੰਗ-ਤਰੀਕਿਆਂ ਰਾਹੀਂ ਹੀ ਕੰਟਰੋਲ ਵਿਚ ਨਹੀਂ ਲਿਆਂਦਾ ਜਾ ਸਕਦਾ। ਸਿਰਫ ਇਕ ਰਾਜਨੀਤਕ ਹੱਲ ਹੀ ਰਾਜਨੀਤਕ ਤਾਕਤਾਂ ਨੂੰ ਅੱਤਵਾਦ ਅਤੇ ਵੱਖਵਾਦ ਵਿਰੁਧ ਲੋਕਾਂ ਨੂੰ ਉਭਾਰਨ ਦੇ ਯੋਗ ਬਣਾ ਸਕਦਾ ਹੈ। ਰਾਸ਼ਟਰਪਤੀ ਹਕੂਮਤ ਦੇ ਤਿੰਨ ਮਹੀਨਿਆਂ ਨੇ ਇਸ ਤੱਥ ਨੂੰ ਸਿੱਧ ਕਰ ਦਿਤਾ ਹੈ। ਕੁਝ ਚੋਟੀ ਦੇ ਅੱਤਵਾਦੀਆਂ ਨੂੰ ਫੜੇ ਜਾਣ ਦੇ ਬਾਵ-ਜੂਦ ਕੀ ਇਹ ਸੱਚ ਨਹੀਂ ਹੈ ਕਿ ਹਰ ਰੋਜ਼ ਹਿੰਸਾ ਦੀਆਂ ਵਾਰਦਾਤਾਂ ਹੋ ਰਹੀਆਂ ਹਨ ਅਤੇ ਮਾਸੂਮ ਲੋਕ ਅੱਤਵਾਦੀਆਂ ਹੱਥੋਂ ਕਤਲ ਕੀਤੇ ਜਾ ਰਹੇ ਹਨ ? ਸੁਰੱਖਿਆ ਬਲਾਂ ਦੇ ਵੱਡੀ ਗਿਣਤੀ ਵਿਚ ਸਰਗਰਮ ਹੋਣ ਅਤੇ ਭਾਰੀ ਧਨ ਖਰਚ ਕੀਤੇ ਜਾਣ ਦੇ ਬਾਵਜੂਦ ਪੰਥਕ ਕਮੇਟੀ ਦੇ ਸਾਰੇ ਮੈਂਬਰ ਬਾਹਰ ਤੋਂ ਰਹਿਨੁਮਾਈ ਕਰ ਰਹੇ ਹਨ ਅਤੇ ਸਰ-ਗਰਮੀਆਂ ਕਰ ਰਹੇ ਹਨ।

ਭਾਰਤੀ ਜਨਤਾ ਪਾਰਟੀ ਦਾ ਸ਼ੁਰੂ ਤੋਂ ਸਿਰਫ ਇਕ ਹੀ ਸੁਝਾਅ ਰਿਹਾ ਹੈ ਕਿ ਪੰਜਾਬ ਵਿਚ ਫੌਜ ਤਾਇਨਾਤ ਕੀਤੀ ਜਾਵੇ ਅਤੇ ਸਰਹੱਦੀ ਖੇਤਰ ਵਿਚ ਸੁਰਖਿਆ ਪੱਟੀ ਕਾਇਮ ਕੀਤੀ ਜਾਵੇ। ਸ਼ਾਇਦ ਉਹ ਇਸ ਨਾਹਰੇ ਦੇ ਨਿਕਲਣ ਵਾਲੇ ਸਿਟਿਆਂ ਨੂੰ ਮਹਿਸੂਸ ਨਹੀਂ ਕਰਦੇ। ਉਹਨਾਂ ਦੀਇਛਾ ਅੱਤਵਾਦ ਵਿਰੁੱਧ ਲੜਨ ਲਈ ਆਮ ਸਿੱਖਾਂ ਨੂੰ ਲਾਮਬੰਦ ਕਰਨਾ ਨਹੀਂ ਜਾਪਦੀ ਸਗੋਂ ਆਪਣੇ ਸੌੜੇ ਰਾਜਨੀਤਕ ਹਿਤਾਂ ਦੀ ਪ੍ਰਾਪਤੀ ਲਈ ਸੂਬੇ ਦੇ ਲੋਕਾਂ ਵਿਚਕਾਰ ਹੋਰ ਫਿਰਕੂ ਪਾੜਾ ਪਾਉਣਾ ਹੈ ਉਹਨਾਂ ਦੀ ਪੰਜਾਬੀ ਲੋਕਾਂ ਦੀ ਏਕਤਾ ਅਤੇ ਰਾਸ਼ਟਰੀ ਏਕਤਾ ਲਈ ਚਿੰਤਾ ਸਿਰਫ ਉਪਰੀ ਹੀ ਜਾਪਦੀ ਹੈ।

ਇਕ ਮਹੱਤਵਪੂਰਨ ਤੱਥ ਜਿਸ ਨੂੰ ਅਕਾਲੀ ਦੱਲ, ਬੀ. ਜੇ. ਪੀ. ਅਤੇ ਕੇਂਦਰ ਸਰਕਾਰ ਵਲੋਂ ਅਣਡਿਠ ਕੀਤਾ ਜਾ ਰਿਹਾ ਹੈ ਉਹ ਸਾਮਰਾਜੀਆਂ ਦੇ ਰੋਲ ਅਤੇ ਉਨ੍ਹਾਂ ਦੀ ਅਸਥਿਰਤਾ ਪੈਦਾ ਕਰਨ ਦੀ ਚਾਲ ਬਾਰੇ ਹੈ। ਪਿਛੇ ਜਿਹੇ ਹੀ ਗਰਿਫਤਾਰਕੀਤੇ ਗਏ ਅੱਤਵਾਦੀਆਂ ਨੇ ਇਹ ਸਪਸ਼ਟ ਰੂਪ ਵਿਚ ਕਹਿ ਦਿਤਾ ਸੀ ਕਿ ਵਡੀਆਂ ਕਾਰ-ਵਾਈਆਂ ਦੇ ਸਬੰਧ ਵਿਚ ਮਹੱਤਵ-ਪੂਰਨ ਫੈਸਲੇ ਪਾਕਿਸਤਾਨ ਦੀ ਧਰਤੀ ਉਤੇ ਲਏ ਜਾਂਦੇ ਹਨ। ਬਹੁਤ ਹੀ ਜ਼ਿਆਦਾ ਆਧੁ-ਨਿਕ ਹਥਿਆਰ ਉਹਨਾਂ ਵਲੋਂ ਸਪਲਾਈ ਕੀਤੇ ਜਾਂਦੇ ਹਨ। ਇਸ ਲਈ ਇਹ ਸਾਮਰਾਜੀਆਂ ਦੀ ਤਰਫੋਂ ਹੈ ਕਿ ਪੰਜਾਬ ਵਿਚ ਬਗਾਵਤ ਜਥੇਬੰਦ ਕੀਤੀ ਜਾ ਰਹੀ ਹੈ। ਸਾਡੀ ਰਾਸ਼ਟਰੀ ਏਕਤਾ ਨੂੰ ਸਾਮ-ਰਾਜੀਆਂ ਵਲੋਂ ਖਤਰੇ ਦਾ ਸਾਹਮਣਾ ਸਿਰਫ ਪ੍ਰਸ਼ਾਸਨਕ ਢੰਗ ਤਰੀਕਿਆਂ ਨਾਲ ਹੀ ਨਹੀਂ ਕੀਤਾ ਜਾ ਸਕਦਾ। ਇਸ ਨੂੰ ਰਾਜਨੀਤਕ ਤੌਰ ਤੇ ਲੜਿਆ ਜਾਣਾ ਚਾਹੀਦਾ ਹੈ। ਇਸ ਗੱਲ ਦਾ ਸੇਹਰਾ ਸੂਬੇ ਵਿਚ ਸਿਰਫ ਖੱਬੀਆਂ ਸ਼ਕਤੀਆਂ ਸਿਰ ਹੀ ਜਾਂਦਾ ਹੈ ਕਿ ਸੀ. ਪੀ. ਆਈ (ਐਮ) ਅਤੇ ਸੀ. ਪੀ. ਆਈ. ਦੇ ਆਗੂ ਕੇਡਰਾਂ ਵਲੋਂ ਦਿਤੀਆਂ ਗਈਆਂ ਬਹੁਤ ਸਾਰੀਆਂ ਕੁਰਬਾਨੀਆਂ ਦੇ ਬਾਵਜੂਦ ਉਹ ਅੱਤਵਾਦ ਅਤੇ ਵੱਖਵਾਦ ਵਿਰੁੱਧ ਲਗਾਤਾਰ ਮੁਹਿੰਮ ਚਲਾ ਰਹੀਆਂ ਹਨ ਅਤੇ ਸਾਮਰਾਜੀ ਖਤਰੇ


# ਪੌਪੂਲਰ ਫਰਨੀਚਰ ਮੈਨੂ. ਲਿਮ:



**POPULAR**
**FURNITURE MFG. LTD.**

Phone 596-1216

7935 - 128th Street
Surrey, B.C.

ਕਹਾਣੀ

# ਪਿੰਡ ਦਾ ਕਤਲ

—ਰਮੇਸ਼ ਤਾਂਗੜੀ ਬੋਹਾ—

ਪੀਪਲ ਟਰਾਂਸਪੋਰਟ ਦੀ ਪ੍ਰਾਈਵੇਟ ਬਸ ਸਲਾਬਤਪੁਰੇ ਬੱਸ ਅੱਡੇ ਤੇ ਆ ਰੁਕੀ। ਡਰਾਈਵਰ ਬੱਸ ਨੂੰ ਸਟਾਰਟ ਛੱਡਕੇ ਥੱਲੇ ਉਤਰ ਦੂਰ ਇਕ ਹੋਟਲ ਵਲ ਚਲਾ ਗਿਆ। ਬਸ ਵਿਚ ਚਲ ਰਹੇ ਰੇਡੀਓ ਤੋਂ ਸ਼ਾਮ ਦੇ ਫਿਲਮੀ ਫਰਮਾਇਸ਼ੀ ਪਰੋਗਰਾਮ ਦਾ ੀਤ ਚਲ ਰਿਹਾ ਸੀ...'ਤੇਰੀ ਗਲੀਓਂ ਮੇਂ ਨਾਂ ਰਖੇਂਗੇ ਕਦਮ ਆਜ ਕੇ ਬਾਦ...' ਗੀਤ ਦੇ ਬੋਲਾਂ ਨੂੰ ਬਸ ਵਿਚਲੀ ਹਰ ਸਵਾਰੀ ਚੁੱਪ ਚੁਪੀਤੇ ਸੁਣ ਰਹੀ ਸੀ —ਪਰ ਫਰੰਟ ਸੀਟ ਦੀ ਪਿਛਲੀ ਸੀਟ ਤੇ ਬੈਠੀ ਇਕ ਔਰਤ ਦੀਆਂ ਅੱਖਾਂ ਵਿਚੋਂ ਹੰਝੂ ਤਰਿਪ-ਤਰਿਪ ਵਹਿ ਰਹੇ ਸਨ। ਕੋਈ ਨਹੀਂ ਸੀ ਜਾਣਦਾ ਕਿ ਉਹ ਕਿਉਂ ਰੋ ਰਹੀ ਸੀ—ਉਸਦੇ ਗੋਰੇ ਨਿਸ਼ੋਹ ਚਿਹਰੇ 'ਤੇ ਸੋਗ ਦੇ ਚਿੰਨ ਸਨ—ਇਕ ਭਿਆਨਕ ਉਦਾਸੀ...... ਇੰਜ ਲਗਦਾ ਸੀ ਜਿਵੇਂ ਗੀਤ ਦਾ ਇਕ ਇਕ ਸ਼ਬਦ ਉਸ ਦੇ ਦਿਲ 'ਤੇ ਡੂੰਘੀਆਂ ਸੱਟਾਂ ਮਾਰ ਰਿਹਾ ਹੋਵੇ।

ਔਰਤ ਦੇ ਨਜ਼ਦੀਕ ਦੂਜੀ ਸੀਟ ਤੇ ਬੈਠੇ ਦੋ ਮਨਚਲੇ ਮੁੰਡੇ ਔਰਤ ਦੇ ਅਥਰੂਆਂ ਬਾਰੇ ਘੁਸਰ ਮੁਸਰ ਕਰਨ ਲਗੇ ਸਨ। ਪਹਿਲਾ ਹੌਲੀ ਆਵਾਜ਼ ਵਿਚ ਦੂਜੇ ਨੂੰ ਕਹਿ ਰਿਹਾ ਸੀ, 'ਲੜੀ ਹੋਊ ਅੱਖ ਕਿਸੇ ਨਾਲ, ਹੋਰ ਐਵੇਂ ਤਾਂ ਨੀ ਰੋਣ ਨਿਕਲਦਾ......।'

'ਇਸ਼ਕ ਮੁਸ਼ਕ ਕਾਹਨੂੰ ਗੁੱਝਾ ਰਹਿੰਦੇ...' ਦੂਜੇ ਨੇ ਪਹਿਲੇ ਦੇ ਕੰਨ ਵਿਚ ਕਿਹਾ ਸੀ।

ਦੋਵੇਂ ਨੌਜਵਾਨਾਂ ਨੇ ਭਾਵੇਂ ਹੌਲੀ ਦੇਣੇ ਗਲ ਕੀਤੀ ਸੀ ਪਰ ਉਨਾਂ ਦੀ ਦੀ ਭਿਣਕ ਉਸ ਔਰਤ ਦੇ ਕੰਨਾਂ ਵਿਚ ਪੈ ਗਈ ਸੀ। ਔਰਤ ਨੂੰ ਸ਼ਾਇਦ ਬਹੁਤ ਬੁਰਾ ਲਗਿਆ ਸੀ ਪਰ ਉਹ ਆਪਣੇ ਭਵਿਖ ਬਾਰੇ ਸੋਚਦੀ ਆਪਣੀਆਂ ਅੱਖਾਂ ਦੇ ਹੰਝੂ ਪੂੰਝਣ ਦੀ ਕੋਸ਼ਿਸ਼ ਕਰਨ ਲਗੀ ਸੀ।

ਨੌਜਵਾਨਾਂ ਦੀ ਟਕੋਰ ਪੁੰਨੀ ਦੇ ਦਿਲ ਨੂੰ ਜ਼ਖਮੀ ਕਰ ਗਈ ਸੀ—ਉਸ ਦਾ ਅੰਦਰ ਤਾਂ ਪਹਿਲਾਂ ਹੀ 'ਵਲੂੰਦਰਿਆ ਪਿਆ ਸੀ। ਉਹ ਸਭ ਕਾਸੇ ਨੂੰ ਭੁਲ ਕੇ ਅਤੀਤ ਦੀਆਂ ਘਟਨਾਵਾਂ ਵਿਚ ਗੁਆਚ ਜਾਣਾ ਚਾਹੁੰਦੀ ਸੀ।

ਗੀਤ ਚਲ ਰਿਹਾ ਸੀ, ਡਰਾਈਵਰ ਆ ਗਿਆ ਅਤੇ ਕੰਡਕਟਰ ਦੀ ਵਿਸਲ ਨਾਲ ਬਸ ਤੁਰ ਪਈ ਸੀ। ਕੁਝ ਨਵੀਆਂ ਚੜੀਆਂ ਸਵਾਰੀਆਂ ਸੀਟ ਦੀ ਭਾਲ ਕਰ ਰਹੀਆਂ ਸਨ। ਬਸ ਵਿਚ ਸ਼ੋਰ ਜਿਹਾ ਪੈ ਗਿਆ ਸੀ। ਇਸ ਹਿਲਜੁਲ ਵਿਚ ਪੁੰਨੀ ਨੇ ਪਾਸਾ ਪਰਤ ਕੇ ਬਸ ਵਿਚ ਪਿਛੇ ਸਰਸਰੀ ਝਾਤ ਮਾਰੀ। ਇਕ ਵਾਰ ਉਸਦੀਆਂ ਅੱਖਾਂ ਵਿਚ ਅਜੀਬ ਚਮਕ ਆਈ ਸੀ। ਸ਼ਾਇਦ ਉਨ੍ਹਾਂ ਨੌਜਵਾਨਾਂ ਵਿਚੋਂ ਇਕ ਦੇ ਨਕਸ਼ ਉਸ ਨੂੰ ਕਿਸੇ ਆਪਣੇ ਵਰਗੇ ਲਗੇ ਸਨ। ਪਰ ਉਸ ਤੋਂ ਬਾਅਦ ਪੁੰਨੀ ਨੂੰ ਉਨਾਂ ਨੌਜਵਾਨਾਂ ਦੇ ਛੇੜਛਾੜ ਅਤੇ ਫਿਕਰੇਬਾਜੀ ਤੋਂ ਸਿਵਾਏ ਹੋਰ ਕੁਝ ਹਥ ਨਾ ਲਗਾ।

ਤੇਜੀ ਨਾਲ ਜਾ ਰਹੀ ਬਸ ਹਰ ਬਸ ਸਟਾਪ ਤੇ ਰੁਕਦੀ ਤੇ ਫਿਰ ਚਲ ਪੈਂਦੀ—ਠੀਕ ਉਸੇ ਤਰਾਂ ਪੁੰਨੀ ਆਪਣੀ ਘਟਨਾਵਾਂ ਨਾਲ ਭਰੀ ਜ਼ਿੰਦਗੀ ਦੇ ਇਕ ਹਿਸੇ ਨੂੰ ਛੂੰਹਦੀ ਸੋਚਦੀ ਅਤੇ ਛਡ ਦੇਂਦੀ ਸੀ। ਇਸ ਉਮਰ ਵਿਚ ਅਜਿਹੀ ਬਿਪਤਾ ਉਸ ਨੇ ਕਦੇ ਸੋਚਿਆ ਵੀ ਨਹੀਂ ਸੀ।

ਲਗਾਤਾਰ ਘਟਨਾਵਾਂ ਦੇ ਸਥਲ ਵਿਚ ਫਸੀ ਪੁੰਨੀ ਦੀ ਸੋਚ ਇਕ ਰੀਲ ਵਾਂਗ ਉਸਦੇ ਦਿਲ ਤੇ ਚੜ ਗਈ ਸੀ। ਉਸ ਨੂੰ ਯਾਦ ਆਇਆ ਕਿ ਦਸਵੀਂ ਕਰਨ ਤੋਂ ਬਾਅਦ ਸਿਰਫ ਇਕ ਸਾਲ ਵਿਚ ਹੀ ਉਸਦੀ ਦੇਹ ਕਿੰਨੀ ਭਰ ਗਈ ਸੀ। ਉਸ ਦਿਨ ਤੋਂ ਹੀ ਕੇਹਰ ਸਿੰਘ ਆਪਣੀ ਪੁੰਨੀ ਦੇ ਹਥ ਪੀਲੇ ਕਰਨ ਲਈ ਦਿਨ ਰਾਤ ਕੋਸ਼ਿਸ਼ ਕਰਨ ਲਗ ਪਿਆ ਸੀ।

ਕੇਹਰ ਸਿੰਘ ਦੀ ਕੋਸ਼ਿਸ਼ ਜਾਰੀ ਸੀ ਕਿ ਇਕ ਦਿਨ ਪੁੰਨੀ ਦੀ ਮਾਸੀ ਲੱਛੋ ਕੇਹਰ ਸਿੰਘ ਨੂੰ ਪੁੰਨੀ ਦੇ ਵਿਆਹ ਲਈ ਮੁੰਡੇ ਦੀ ਦਸ ਪਾਉਣ ਆ ਗਈ। ਰਾਤੀਂ ਰੋਟੀ ਟੁੱਕ ਵੇਲੇ ਜਦੋਂ ਪੁੰਨੀ ਝਲਾਨੀ 'ਚ ਰੋਟੀ ਪਕਾ ਰਹੀ ਸੀ ਤਾਂ ਸਬਾਤ 'ਚ ਬੈਠੀ ਲਛੋ ਉਸਦੇ ਬਾਪੂ ਨੂੰ ਕਹਿ ਰਹੀ ਸੀ, 'ਮੁੰਡਾ ਫਤਿਆਬਾਦ ਦੇ ਇਕ ਬੈਂਕ 'ਚ ਨੌਕਰੀ ਕਰਦੈ, ਦੋ ਭੈਣਾਂ ਦਾ ਕੱਲਾ ਭਰਾ ਐ-ਤਿੱਖੇ ਨੈਣ ਨਕਸ਼ਾ ਵਾਲਾ, ਲੰਮਾ-ਝੰਮਾ ਗਭਰੂ ਐ- ਆਪਣੀ ਪੁੰਨੀ ਦੇ ਹਾਣ ਪਰਵਾਨ ਐ— ਉਨਾਂ ਦੀ ਮੰਗ ਵੀ ਕੋਈ ਨੀ ਬੱਸ ਤੇਰੀ ਹਾਂ ਦੀ ਲੋੜ ਐ।'...ਤੇ ਇਸ ਤਰਾਂ ਸੋਚਦੀ ਪੁੰਨੀ ਸ਼ਰਮਾ ਜਿਹੀ ਗਈ ਸੀ। ਬਸ ਵਿਚ ਇਕ ਬੁੱਢੀ ਦਾ ਕੰਡਕਟਰ ਨਾਲ ਝਗੜਾ ਹੋਣ ਤੇ ਉਸਦੀ ਸੋਚ ਕੁਝ ਟੁਟੀ ਪਰ ਫਿਲਮ ਦੇ ਸੀਨ ਵਾਂਗ ਅਗਲੀ ਗਲ ਉਸ ਸਾਹਮਣੇ ਫਿਰ ਤਾਜ਼ਾ ਹੋ ਗਈ।

...ਹਾਂ ਤੇ ਉਸਦਾ ਰਿਸ਼ਤਾ ਚੀਮੇਂ ਪੱਕਾ ਹੋ ਗਿਆ ਅਤੇ ਅਗਲੇ ਕੁਝ ਦਿਨਾਂ ਵਿਚ ਹੀ ਉਸਨੇ ਪਰਾਈ ਹੋ ਜਾਣਾ ਸੀ ਪਰਾਈ...ਪੇਕੇ ਘਰੋਂ ਪਰਾਈ। ਤੇ ਉਸ ਦੀਆਂ ਕਿੰਨੀਆਂ ਹੀ ਕੁਆਰੀਆਂ ਭਾਵਨਾਵਾਂ ਸਨ ਜਿਸ ਦੀ ਸੋਚ ਲੜੀ ਵਿਚ ਘਿਰੀ ਉਹ ਪਤੀ ਨਾਲ ਪਿਆਰ ਦੇ ਕਿਆਸ ਲਾਉਂਦੀ ਰਹਿੰਦੀ ਸੀ।

ਅਗਲੇ ਕੁਝ ਦਿਨਾਂ ਵਿਚ ਉਸਦਾ ਵਿਆਹ ਹੋ ਗਿਆ ਸੀ। ਕਿੰਨੀਆਂ ਗੀਤ ਗਾਉਂਦੀਆਂ ਕੁੜੀਆਂ ਦੇ ਝੁਰਮੁਟ, ਪਰੀਵਾਰ ਦੀਆਂ ਸੇਜਲ ਅੱਖਾਂ ਤੋਂ ਦੂਰ ਉਹ ਬਲਦੇਵ ਦੇ ਲੜ ਲਗ ਕੇ ਤੁਰ ਗਈ ਸੀ। ਵਿਆਹ ਤੋਂ ਬਾਅਦ ਦਾ ਇਕ ਮਹੀਨਾ ਪੁੰਨੀ ਨੇ ਬਲਦੇਵ ਨਾਲ ਕਿੰਨਾ


Westminster Chevrolet - Oldsmobile

1983 ਦੇ GM ਦੇ ਗਰੈਂਡ ਸੇਲਜ਼ ਮਾਸਟਰ!

● ਚੰਗੀ ਕਾਰ ● ਵਧੀਆ ਡੀਲ ● ਤਜਰਬੇਕਾਰ ਸੇਲਜ਼

ਕਾਰ, ਵੈਨ ਜਾਂ ਟਰੱਕ ਖ੍ਰੀਦਣ ਤੋਂ ਪਹਿਲਾਂ ਆਪਣੇ
ਪਿਆਰੇ ਸੇਲਜ਼ਮੈਨ ਕਨਸਲਟੈਂਟ
ਗੁਰਜੀਤ ਸਿੰਘ ਢੀਂਡਸਾ ਨੂੰ ਮਿਲੋ


ਗੁਰਜੀਤ ਬਾਵਾ ਢੀਂਡਸਾ

GM

Bus. 521-7731 Pager 687-1985 #5531



Gurjit (Bawa) Dhindsa 12th. Street at Queens Ave., New Westminster, B.C.

ਚੰਗਾ ਬਿਤਾਇਆ ਸੀ। ਉਹ ਪਿਆਰ ਕਰਦੇ ਸਨ। ਵਿਆਹ ਲਈ ਮਹੀਨੇ ਦੀ ਲਈ ਛੁਟੀ ਪੁੰਨੀ ਨਾਲ ਬਿਤਾਉਣ ਤੋਂ ਬਾਅਦ ਬਲਦੇਵ ਦਾ ਜਾਣ ਨੂੰ ਦਿਲ ਨਹੀਂ ਕਰਦਾ ਸੀ। ਨੌਕਰੀ ਦੀ ਮਜਬੂਰੀ ਵਸ ਅਗਲੇ ਮਹੀਨੇ ਉਸ ਨੂੰ ਆਪਣੇ ਨਾਲ ਲਿਜਾਣ ਦਾ ਪੱਕਾ ਵਾਅਦਾ ਕਰਕੇ, ਉਹ ਨੇੜੇ ਦੇ ਸ਼ਹਿਰ ਤੋਂ ਦਿਲੀ ਦੀ ਗਡੀ ਚੜ ਗਿਆ ਸੀ।

ਬਸ ਇਕ ਪੇਂਡੂ ਬਸ ਅਡੇ 'ਤੇ ਆ ਰੁਕੀ ਸੀ। ਇਕ ਨੌਜਵਾਨ ਔਰਤ ਤੇ ਬੁੱਢੀ ਇਕ ਗਭਰੂ ਨੂੰ ਬਸੇ ਚੜਾ ਰਹੀਆਂ ਸਨ। ਸ਼ਾਇਦ ਉਹ ਗਭਰੂ ਉਸ ਔਰਤ ਦਾ ਪਤੀ ਅਤੇ ਬੁੱਢੀ ਦਾ ਜਵਾਈ ਹੋਵੇ ਅਤੇ ਆਪਣੀ ਪਤਨੀ ਨੂੰ ਪੇਕੇ ਛਡ ਕੇ ਵਾਪਸ ਜਾ ਰਿਹਾ ਹੋਵੇ। ਕਾਸ਼ ਕਿ ਬਲਦੇਵ ਵੀ ਕਦੇ ਉਸ ਨੂੰ ਇਸ ਤਰਾਂ ਪੇਕੇ ਛਡਣ ਗਿਆ ਹੁੰਦਾ।...ਤੇ ਪੁੰਨੀ ਦਾ ਰੋਣ ਨਿਕਲਣ ਤੋਂ ਮਸੀਂ ਹੀ ਬਚਿਆ।

ਉਸਨੂੰ ਯਾਦ ਆਇਆ ਕਿ ਬਲਦੇਵ ਦੇ ਜਾਣ ਤੋਂ ਬਾਅਦ ਉਸ ਦਾ ਇਕ ਮਹੀਨਾ ਸਾਲ ਜਿੱਡਾ ਬਣ ਗਿਆ ਸੀ। ਵਿਆਹ ਤੋਂ ਬਾਅਦ ਦਾ ਇਕ ਮਹੀਨਾ ਕਿੰਨਾ ਸੁੰਦਰ ਤੇ ਉਸ ਤੋਂ ਅਗਲਾ ਮਹੀਨਾ ਕਿੰਨਾ ਖੁਸ਼ਕ......ਬਿਲਕੁਲ ਹੀ ਰੇਗਿਸਤਾਨ ਦੇ ਮਾਰੂਥਲ ਦੀ ਤਰਾਂ...। ਉਦੋਂ ਪੁੰਨੀ ਨੇ ਆਪਣੇ ਮਨ ਨੂੰ ਧਰਵਾਸ ਦਿਤਾ ਸੀ ਕਿ ਇਕ ਮਹੀਨੇ ਬਾਦ ਬਲਦੇਵ ਉਸ ਨੂੰ ਆਪਣੇ ਨਾਲ ਲੈ ਜਾਵੇਗਾ। ਉਸ ਨੇ ਸੋਚਿਆ ਸੀ ਕਿ ਪਹਿਲੀ ਤਰੀਕ ਵਿਚ ਦਿਨ ਵੀ ਤਾਂ ਕੋਈ ਬਹੁਤੇ ਨਹੀਂ ...ਉਸ ਬਾਅਦ ਉਹ ਆਪਣੇ ਪਤੀ ਨਾਲ ਰਹੇ ਗੀ। ਨਵੀਂ ਜ਼ਿੰਦਗੀ ਜਦੋਂ ਉਹ ਸ਼ੁਰੂ ਕਰਨਗੇ ਤਾਂ ਉਹਨਾਂ ਦੇ ਬੱਚੇ ਹੋਣ ਗੇ ਉਹ ਬਲਦੇਵ ਦੀ ਖੂਬ ਸੇਵਾ ਕਰੇਗੀ। ਕਦੇ ਉਹ ਆਪਣੇ ਪਤੀ ਨਾਲ ਪੇਕੇ ਪਿੰਡ ਮਿਲਣ ਜਾਇਆ ਕਰੇਗੀ......ਤੇ ਇਸ ਪ੍ਰਕਾਰ ਉਸ ਦੇ ਅਤੀਤ ਦੀ ਕਲਪਨਾ ਦੀਆਂ ਕਿੰਨੀਆਂ ਗਲ੍ਹਾਂ ਇਕ ਰੀਲ ਵਾਂਗ ਉਸ ਦੇ ਅਗੋਂ ਲੰਘ ਗਈਆਂ।

ਪੁੰਨੀ ਦੀ ਨਿਗ੍ਹਾ ਸਾਹਮਣੇ ਬੱਸ ਵਿਚ ਲਗੇ ਸ਼ੀਸ਼ੇ ਵਿਚ ਗਈ ਜਿਥੋਂ ਡਰਾਈਵਰ ਚੋਰ ਅੱਖ ਨਾਲ ਕਦੇ ਉਸ ਵਲ ਵੇਖ ਲੈਂਦਾ ਸੀ। ਉਸ ਦੇ ਮਨ ਵਿਚ ਆਪਣੇ ਸਫਰ ਬਾਰੇ ਕੁਝ ਖਿਆਲ ਆਇਆ—ਪਰ ਦੂਜੇ ਪਲ ਉਹ ਫਿਰ ਆਪਣੀਆਂ ਸੱਜਰੀਆਂ ਸੋਚਾਂ ਵਿਚ ਉਲਝ ਪਈ। ਉਸ ਨੂੰ ਯਾਦ ਆਇਆ ਕਿ ਬਲਦੇਵ ਦੇ ਆਉਣ ਵਾਲੇ ਦਿਨ ਤੋਂ ਦੋ ਦਿਨ ਪਹਿਲਾਂ ਉਸ ਨੇ ਕਿੰਨੀ ਬੇਸਬਰੀ ਨਾਲ ਬਿਤਏ ਸਨ। ਉਸ ਦੀ ਉਡੀਕ 'ਚ ਉਸ ਨੇ ਘਰ ਨੂੰ ਕਿਸ ਤਰਾਂ ਸਵਾਰਿਆ ਸੀ! ਉਸ ਦੇ ਆਉਣ ਵਾਲੇ ਦਿਨ ਸਵੇਰੇ ਹੀ ਸਜ ਸੰਵਰ ਕੇ ਉਹ ਕੋਠੇ ਉਪਰ ਜਾ ਬੈਠੀ ਸੀ। ਫਿਰ ਉਸ ਨੂੰ ਗੁਆਂਢਣ ਦੇ ਉਹ ਸ਼ਬਦ ਯਾਦ ਆਏ :

'ਕੁੜੇ ਬਹੂ...ਅੱਜ ਤਾਂ ਸਾਜਰੇ ਈ ਨਿੱਖਰੀ ਬੈਠੀ ਏਂ......, ਆਹੋ ਭਾਈ ......ਚਾਅ ਹੋਵੇ ਵੀ ਕਿਉਂ ਨਾ......।' ਤੇ ਗੁਆਂਢਣ ਰਾਜੋ ਦੀ ਇਸ ਗੱਲ ਨੇ ਉਸ ਨੂੰ ਕਿੰਨੀ ਖੁਸ਼ੀ ਦਿਤੀ ਸੀ।

ਸੜਕ ਖਰਾਬ ਹੋਣ ਕਾਰਨ ਬੱਸ ਹੌਲੀ ਹੋ ਗਈ ਸੀ ਤੇ ਦੂਰ ਇਕਾਂਤ ਵਿਚ ਪੂਰਬਣ ਮਜ਼ਦੂਰ ਔਰਤਾਂ ਚੁੱਪਚਾਪ ਬੈਠੀਆਂ ਉਸ ਨੂੰ ਨਜ਼ਰ ਆ ਰਹੀਆਂ ਸਨ ਉਸ ਨੂੰ ਲਗਿਆ ਜਿਵੇਂ ਉਹ ਆਪਣੇ ਖਾਂਵਦ ਮਜ਼ਦੂਰਾਂ ਨੂੰ ਉਡੀਕ ਰਹੀਆਂ ਹੋਣ। ਉਸਦੀ ਸੋਚ ਪਰਤੀ...ਹਾਂ ਤੇ ਉਹ ਵੀ ਉਸ ਦਿਨ ਬਲਦੇਵ ਨੂੰ ਕਿੰਨੀ ਤੀਬਰਤਾ ਨਾਲ ਉਡੀਕਦੀ ਰਹੀ ਸੀ। ਜਦੋਂ ਉਸ ਨੇ ਟਾਈਮ ਦੇਖਣ ਦੇ ਖਿਆਲ ਨਾਲ ਸਾਹਮਣੇ ਪਏ ਟਾਈਮ ਪੀਸ ਵੱਲ ਵੇਖਿਆ ਸੀ ਤਾਂ ਉਸਦੀ ਨਜ਼ਰ ਬਲਦੇਵ ਦੀ ਸ਼ੀਸ਼ੇ ਵਿਚ ਬੰਦ ਫੋਟੋ ਤੇ ਜਾ ਪਈ ਸੀ—ਫਿਰ ਉਸਨੇ ਆਪਣੇ ਆਪ ਨੂੰ ਅਜਿਹੀ ਸਥਿਤੀ ਵਿਚ ਅਨੁਭਵ ਕੀਤਾ ਸੀ ਜਿਵੇਂ ਪਿੱਛੋਂ ਦੀ ਆ ਕੇ ਬਲਦੇਵ ਨੇ ਉਸਦੇ ਮੋਢੇ 'ਤੇ ਹੱਥ ਰਖਿਆ ਹੋਵੇ ਤੇ ਉਹ ਇਕ ਦਮ ਤ੍ਰਭਕ ਗਈ ਸੀ—ਅੱਖਾਂ ਬੰਦ ਕਰ ਲਈਆਂ ਸਨ ਅਤੇ ਉਸ ਨੂੰ ਜਾਪਿਆ ਸੀ ਜਿਵੇਂ ਬਲਦੇਵ ਉਸ ਨੂੰ ਆਪਣੀਆਂ ਬਾਹਾਂ ਵਿਚ ਲਈ ਆਪਣੇ ਆਉਣ ਬਾਰੇ ਦਸ ਰਿਹਾ ਹੋਵੇ...ਝੱਟ ਹੀ ਉਹ ਆਪਣੇ ਆਪ ਵਿਚ ਆਈ 'ਨਹੀਂ, ਨਹੀਂ... ਹਾਲੇ ਤਾਂ ਉਹ ਆਏ ਨਹੀਂ...।'

ਉਹ ਨਿਰਾਸ਼ਾ ਨਾਲ ਬਾਹਰਲੇ ਦਰਵਾਜੇ ਵਲ ਗਈ ਪਰ ਉਹਨੀਂ ਪੈਰੀਂ ਵਾਪਸ ਆਈ ਸੀ। ਸਾਰੇ ਕਮਰੇ ਵਿਚ ਸਰਸਰੀ ਨਿਗਾਹ ਨਾਲ ਤੱਕਿਆ ਸੀ। ਫਿਰ ਅਚਾਨਕ ਬਸ ਦੀ ਗੂੰਜ ਨੂੰ ਸੁਣ ਕੇ ਉਪਰ ਚੜੀ ਸੀ—ਪਰ ਚੰਦਰੀ ਬਸ ਤਾਂ ਸ਼ਹਿਰੋਂ ਆਉਣ ਵਾਲੀ ਨਹੀਂ—ਸ਼ਹਿਰ ਜਾਣ ਵਾਲੀ ਸੀ। ਉਹ ਵਾਪਸ ਥੱਲੇ ਆਈ। ਬੇ-ਚੈਨ ਹੋਈ ਦਾ ਦਿਲ ਬਾਹਰ ਅੱਡੇ ਵਲ ਜਾਣ ਨੂੰ ਕੀਤਾ ਸੀ ਪਰ ਕੁਝ ਸੋਚ ਕੇ ਵਾਪਸ ਪਰਤੀ ਫਿਰ ਉਸਦਾ ਦਿਲ ਕੀਤਾ ਕਿ ਗੁਆਂਢਣ ਰਾਜੋ ਕੇ ਮੀਤੇ ਨੂੰ ਨਾਲ ਲੈ ਕੇ ਬਲਦੇਵ ਦੀ ਉਡੀਕ ਕਰਨ ਲਈ ਬਸ ਅਡੇ ਜਾ ਖੜੇ। ਪਰ ਉਹ ਇਹ ਕੁਝ ਵੀ ਨਹੀਂ ਕਰ ਸਕੀ ਸੀ...।

ਤੇ ਅਚਾਨਕ ਇਕ ਜੀਪ ਦੇ ਤੇਜ਼ ਤਰਾਰ ਹਾਰਨ ਨੇ ਉਸ ਦੀ ਬੇਚੈਨੀ ਵਿਚ ਵਾਧਾ ਕਰ ਦਿਤਾ ਸੀ—ਪਲ ਦੀਪਲ ਉਸ ਨੂੰ ਜਾਪਿਆ ਸੀ ਜਿਵੇਂ ਬਲਦੇਵ ਹੱਥ ਵਿਚ ਅਟੈਚੀ ਫੜੀ ਅੰਦਰ ਦਾਖਲ ਹੋ ਰਿਹਾ ਹੋਵੇ...ਤੇ ਉਸਦੇ ਕਦਮ ਆਪ ਮੁਹਾਰੇ ਹੀ ਬਾਹਰ ਨੂੰ ਹੋ ਤੁਰੇ ਸਨ...। ਉਸਦੀ ਨਿਗਾ ਬਾਹਰ ਆਕੇ ਖੜੀ ਇਕ ਸਰਕਾਰੀ ਜੀਪ ਨਾਲ ਜਾ ਟਕਰਾਈ—ਜਿਸ ਵਿਚੋਂ ਪੈਂਟਾਂ ਝਾੜਦੇ ਪੁਲਸੀਏ ਅਤੇ ਗਾਤਰੇ ਪਾਇਆ ਪਸਤੌਲ ਠੀਕ ਕਰਦਾ ਥਾਣੇਦਾਰ ਬਾਹਰ ਵਧੇ ਸਨ।

'ਹੈਂਅ...ਪੁਲਿਸ......? ਸ਼ਾਇਦ ਕੋਈ ਘਟਨਾ ਵਾਪਰੀ ਹੋਵੇ। ਤੇ ਅਗਲੇ ਪਲ ਉਸਦੀ ਚੀਕ ਨਿਕਲ ਗਈ ਸੀ ਜਦੋਂ ਲੋਕਾਂ ਦੇ ਜੁੜੇ ਹਜੂਮ ਨੂੰ ਦਸਦੇ ਥਾਣੇਦਾਰ ਦੇ ਮੂੰਹੋਂ ਉਸ ਨੇ ਸੁਣਿਆ ਸੀ :

'ਬੱਸ ਹਤਿਆ ਕਾਂਡ ਵਿਚ ਇਹ ਮਾਰਿਆ ਗਿਆ ਹੈ। ਇਸ ਦੀ ਜੇਬ ਵਿਚਲੇ ਪੱਤਰ ਤੋਂ ਇਸ ਦੀ ਸ਼ਨਾਖਤ ਹੋਈ ਹੈ।

ਤੇ ਉਹ ਬੇਹੋਸ਼ ਹੋ ਗਈ ਸੀ। ਤਦੋਂ ਉਸਦੀ ਹੋਸ਼ ਪਰਤੀ ਤਾਂ ਉਸ ਦੇ ਪਤੀ ਦੀ ਲਾਸ਼ ਕੋਲ ਸਾਰਾ ਪਿੰਡ ਬੈਠਾ ਸੀ। ਬਜ਼ੁਰਗ ਦੇਸ਼ ਭਗਤ ਬਾਬਾ ਪ੍ਰਤਾਪਾ ਕਹਿ ਰਿਹਾ ਸੀ, ਭਰਾਵੋ......ਸਬਰ ਤੋਂ ਕੰਮ ਲਓ, ਬਲਦੇਵ ਦਾ ਕਤਲ ਪੂਰੇ ਪਿੰਡ ਦਾ ਕਤਲ ਐ, ਵਿਦੇਸ਼ੀ ਸ਼ਹਿ ਤੇ ਕਿੰਨੇ ਨਿਰਦੋਸ਼ ਬਲਦੇਵ ਨਾਲ ਕਤਲ ਹੋਏ ਨੇ

ਬਾਕੀ ਸਫ਼ਾ 28 ਉਤੇ


**PAUL'S**

PLUMBING, ELECTRICAL & HEATING SUPPLY



4774 MAIN ST. AT 32ND Vancouver
PH. 872-3118, 872-7227
OPEN SUNDAYS



Plumbing & Bathroom Fixtures & Supplies Hot Water Tanks

Hot Water Heating & Supplies And Instalations

# ਅਕਤੂਬਰ ਇਨਕਲਾਬ ਦੀ 70ਵੀਂ ਵਰ੍ਹੇ-ਗੰਢ ਬਾਰੇ ਕੌਮਾਂਤਰੀ ਮੀਟਿੰਗ ਨੂੰ ਮਿਖਾਇਲ ਗੋਰਬਾਚੇਵ ਦਾ ਵਧਾਈਆਂ ਦਾ ਸੁਨੇਹਾ

ਸੋਵੀਅਤ ਯੂਨੀਅਨ ਨਾਲ ਮਿਤ੍ਰਤਾ ਲਈ ਬਦੇਸ਼ੀ ਸੁਸਾਇਟੀਆਂ ਦੇ ਤੇ ਸੋਵੀਅਤ ਜਨਤਾ ਦੇ ਪ੍ਰਤੀਨਿਧੀਆਂ ਦੀ ਇਕ ਮੀਟਿੰਗ ਲਈ ਮਿਖਾਇਲ ਗੋਰਬਾਚੇਵ ਦਾ ਵਧਾਈਆਂ ਦਾ ਸੁਨੇਹਾ ਇਸ ਪਰਕਾਰ ਹੈ :

"ਮੈਂ ਮਹਾਨ ਅਕਤੂਬਰ ਸਮਾਜਵਾਦੀ ਇਨਕਲਾਬ ਦੀ 70ਵੀਂ ਵਰ੍ਹੇ-ਗੰਢ ਦੇ ਅਵਸਰ ਉਤੇ ਇਕ ਕੌਮਾਂਤਰੀ ਮੀਟਿੰਗ ਵਿਚ ਭਾਗ ਲੈਣ ਵਾਲੇ ਸੋਵੀਅਤ ਯੂਨੀਅਨ ਨਾਲ ਮਿੱਤਰਤਾ ਲਈ ਵਿਦੇਸ਼ੀ ਸੁਸਾਇਟੀਆਂ ਦੇ ਅਤੇ ਸੋਵੀਅਤ ਜਨਤਾ ਦੇ ਪ੍ਰਤੀਨਿਧੀਆਂ ਦਾ ਨਿਘੇ ਦਿਲੋਂ ਸਵਾਕਰਦਾ ਹਾਂ।

"ਇਹ ਗੱਲ ਅਰਥਪੂਰਨ ਹੈ ਕਿ ਤੁਹਾਡੀ ਮੀਟਿੰਗ ਲੈਨਿਨਗਰਾਦ ਵਿਚ, ਇਨਕਲਾਬ ਦੇ ਪੰਘੂੜੇ ਅਤੇ ਇਕ ਅਜਿਹੇ ਸੰਸਾਰ ਵਿਚ ਹੋ ਰਹੀ ਹੈ ਜਿਥੇ ਅਮਨ ਕਾਨੂੰਨ, ਸਰਕਾਰਾਂ ਤੇ ਕੌਮਾਂ ਦੇ ਨਾਅ ਜੰਗ ਨੂੰ ਖਤਮ ਕਰਨ ਦੀ ਇਕ ਭਾਵਪੂਰਨ ਅਪੀਲ ਪ੍ਰਵਾਨ ਕੀਤੀ ਗਈ ਹੈ।

"ਆਪਣੇ ਇਤਿਹਾਸ ਵਿਚ ਸੋਵੀਅਤਾਂ ਦਾ ਦੇਸ਼ ਸਭ ਕੌਮਾਂ ਨਾਲ ਅਮਨ ਤੇ ਦੋਸਤੀ ਵਿਚ ਰਹਿਣ ਦੇ ਅਕਤੂਬਰ ਇਨਕਲਾਬ ਦੇ ਫਰਮਾਨ ਪ੍ਰਤੀ ਵਫਾਦਾਰ ਰਿਹਾ ਹੈ ਅਤੇ ਜਿਸ ਨੇ ਆਪਣੀ ਕੌਮਾਂਤਰੀ ਨੀਤੀ ਵਿਚ ਸ਼ਾਂਤਮਈ ਹੋਂਦ ਦੇ ਅਸੂਲਾਂ ਦੀ ਨਿਰੰਤਰ ਹਮਾਇਤ ਕੀਤੀ ਹੈ।

'ਇਸ ਟੀਚੇ ਨੂੰ ਕੌਮਾਂਤਰੀ ਸੁਰੱਖਿਆ ਦੀ ਇਕ ਸਰਬੰਗੀ ਪਰਣਾਲੀ ਉਸਾਰਨ ਦੇ ਸੰਕਲਪ ਨੇ ਵੀ ਪੂਰਾ ਕੀਤਾ ਹੈ ਜਿਹੜਾ ਸੋਵੀਅਤ ਯੂਨੀਅਨ ਵਲੋਂ ਪੇਸ਼ ਕੀਤਾ ਗਿਆ ਹੈ ਅਤੇ ਜਿਸਨੂੰ ਇਹ ਸਰਗਰਮੀ ਨਾਲ ਹਕੀਕਤ ਦਾ ਰੂਪ ਦੇ ਰਿਹਾ ਹੈ।

'ਨਿਊਕਲਿਆਈ ਘੱਲੂਘਾਰੇ ਦੇ ਖਤਰੇ ਨੂੰ, ਜਿਹੜਾ ਦੁਨੀਆਂ ਦੇ ਸਿਰ ਉਤੇ ਮੰਡਲਾ ਰਿਹਾ ਹੈ, ਦੂਰ ਕਰਨਾ ਅਤੇ ਧਰਤੀ ਲਈ ਜੰਗਾਂ ਰਹਿਤ ਇਕ ਭਵਿੱਖ ਨੂੰ ਯਕੀਨੀ ਬਨਾਉਣਾ ਉਹ ਗੱਲਾਂ ਹਨ ਜਿਹਨਾਂ ਲਈ ਸਾਡਾ ਦੇਸ ਅਪੀਲ ਕਰਦਾ ਰਿਹਾ ਅਤੇ ਜਿਹਨਾਂ ਲਈ ਇਹ ਕੰਮ ਕਰਦਾ ਰਿਹਾ ਹੈ। ਇਹਨਾਂ ਉਦਮਾਂ ਵਿਚ ਇਹ ਬਿਨਾਂ ਕਿਸੇ ਪਰਕਾਰ ਦੀ ਛੋਟ ਦੇ ਸਭ ਰਾਜਾਂ ਤੇ ਜਨਤਕ ਸ਼ਕਤੀਆਂ ਨਾਲ ਮਿਲਕੇ ਕੰਮ ਕਰਨ ਲਈ ਤਿਆਰ ਹੈ।

'ਅਸੀਂ ਇਸ ਗੱਲ ਦੇ ਕਾਇਲ ਹਾਂ ਕਿ ਤਬਦੀਲੀ ਨੂੰ ਬੜਾਵਾ ਦੇਣ, ਸਮਾਜਵਾਦ ਦੀ ਸਿਰਜਣਾਤਮਕ ਸਮਰਥਾ ਤੇ ਮਾਨਵ ਹਿਤੈਸ਼ੀ ਤੱਤ ਨੂੰ ਵਧੇਰੇ ਪੂਰਨ ਰੂਪ ਵਿਚ ਸਾਹਮਣੇ ਲਿਆਉਣ ਅਤੇ ਕੌਮਾਂਤਰੀ ਸਬੰਧਾਂ ਵਿਚ ਰਾਜਨੀਤਕ ਸੋਚ ਦੇ ਇਕ ਨਵੇਂ ਢੰਗ ਉਤੇ ਜ਼ੋਰ ਦੇਣ ਦੀ ਜਿਹੜੀ ਨੀਤੀ ਅਸੀਂ ਅਪਣਾਈ ਹੈ ਉਹ ਅਕਤੂਬਰ ਇਨਕਲਾਬ ਦੀ ਇਕ ਸਿੱਧੀ ਕੜੀ ਹੈ ਅਤੇ ਕੌਮਾਂਤਰੀ ਪ੍ਰਸਪਰ ਸੂਝ-ਬੂਝ ਅਤੇ ਉਸਾਰੂ ਮਿਲਵਰਤਨ ਦੇ ਆਧਾਰ ਨੂੰ ਚੌੜਾ ਕਰਨ ਵਿਚ ਮਦਦ ਕਰਦੀ ਹੈ।

'ਨਿਊਕਲਿਆਈ ਹਥਿਆਰਾਂ ਤੋਂ ਰਹਿਤ ਇਕ ਸੰਸਾਰ ਲਈ ਅਤੇ ਮਨੁੱਖ-ਜਾਤੀ ਦੀ ਸੁਰਜੀਤੀ ਲਈ ਕੰਮ ਕਰਨਾ ਮਹਿਜ ਸਿਆਸਤਦਾਨਾਂ ਦਾ ਹੀ ਕੰਮ ਨਹੀਂ ਹੈ। ਇਹ ਸੱਚ ਉਹਨਾਂ ਲੋਕਾਂ ਵਲੋਂ ਨਿੱਤ ਵਧੇਰੇ ਮਹਿਸੂਸ ਕੀਤਾ ਗਿਆ ਹੈ। ਇਹਨਾਂ ਨੇ ਨਿੱਤ ਵਧੇਰੇ ਇਕ ਵਡੇਰੀ ਪੱਧਰ ਉਤੇ ਅਤੇ ਨਿੱਤ ਵਧੇਰੇ ਸਰਗਰਮੀ ਨਾਲ ਜੰਗ ਤੇ ਅਮਨ ਦੇ ਮਸਲਿਆਂ ਵਿਚ ਸ਼ਾਮਲ ਹੋਣਾ ਸ਼ੁਰੂ ਕਰ ਦਿਤਾ ਹੈ।

'ਕੌਮਾਂ ਵਿਚਕਾਰ ਮਿੱਤਰਤਾ ਤੇ ਮਿਲਵਰਤਨ ਲਈ ਲਹਿਰ ਨਿਊਕਲਿਆਈ ਹਥਿਆਰਾਂ ਤੋਂ ਮੁਕਤ ਅਹਿੰਸਕ ਸੰਸਾਰ ਦੀ ਸਿਰਜਣਾ ਲਈ ਜ਼ੋਰ ਦੇਣ ਵਾਲੀਆਂ ਸਮਾਜਕ ਸ਼ਕਤੀਆਂ ਦਾ ਇਕ ਮਹੱਤਵਪੂਰਨ ਅਨਿੱਖੜਾਂ ਅੰਗ ਹੈ ਅਤੇ ਇਕ ਤਰਾਂ ਦਾ ਇਕ ਜਨਤਕ ਡਿਪਲੋਮੇਸੀ ਸਕੂਲ ਹੈ।

ਮੈਂ ਤੁਹਾਡੀ ਮੀਟਿੰਗ ਲਈ ਅਤੇ ਕੌਮਾਂ ਵਿਚਕਾਰ ਮਿੱਤਰਤਾ ਨੂੰ ਮਜ਼ਬੂਤ ਕਰਨ ਵਲ ਸੇਧਿਤ ਤੁਹਾਡੀਆਂ ਸੁਚੱਜੀਆਂ ਸਰਗਰਮੀਆਂ ਲਈ ਸਫਲਤਾ ਦੀ ਦਿਲੋਂ ਕਾਮਨਾ ਕਰਦਾ ਹਾਂ।' ●

## ਖਬਰ ਰੱਖਣਾ

**ਮਹੇਸ਼ਵਰ ਤਿਵਾੜੀ**

(ਹਿੰਦੀ)

ਬਿੱਲੀ ਜਦ ਈਮਾਨ ਸਿਖਾਵਣ ਲੱਗੇ
ਖਬਰ ਰੱਖਣਾ
ਨੇਰੀ ਤੁਹਾਨੂੰ ਗੀਤ ਸੁਣਾਵਣ ਲੱਗੇ
ਖਬਰ ਰੱਖਣਾ

ਰੋਟੀ ਦੀ ਜੇ ਯਾਦ ਤੁਹਾਨੂੰ ਆਉਂਦੀ ਹੋਵੇ
ਨੀਂਦ ਤਦੋਂ ਦੇ ਧਮਕੀ
ਘੂਕ ਸੁਲਾਵਣ ਲੱਗੇ
ਖਬਰ ਰੱਖਣਾ

ਪਾਟਿਆ ਹੋਇਆ ਕੁੜਤਾ ਸੀਂ ਕੇ
ਜੀ ਲੈਣ ਦੀ ਆਦਤ
ਜਦ ਕੋਈ ਸਮਝਾਵਣ ਲੱਗੇ
ਖਬਰ ਰੱਖਣਾ
ਭੁੱਖ-ਮਰੀ ਜਾਂ ਸਿਖਰ ਦੁਪਹਿਰਾ ਹੋਏ। ਜੇਠ ਦਾ
ਜਦ ਕਮਰੇ ਕੋਈ ਸੰਨ ਲਗਾਵਣ ਲਗੇ
ਖਬਰ ਰੱਖਣਾ—!

(ਪੰਜਾਬੀ ਰੂਪ ਹੁੰਦਲ)


**ਜਗਦੀਸ਼ ਸਿੰਘ** ਬੀ. ਏ. ਐਲ. ਐਲ. ਬੀ. (ਪੰ: ਯੂ:)

**ਨੋਟਰੀ ਪਬਲਿਕ**

* ਘਰ ਜਾਂ ਜ਼ਮੀਨ ਖਰੀਦਣ, ਵੇਚਣ ਲਈ ਜਾਂ ਮੋਡਗੇਜ਼ ਲੈਣ ਲਈ ਜਾਂ ਕੈਂਸਲ ਕਰਨਾ ਆਦਿ ਦੇ ਕਾਗਜ਼ਾਤ ਤਿਆਰ ਕਰਨਾ ਤੇ ਰਜਿਸਟਰੀ ਕਰਵਾਉਣ
* ਡੇਕਲਾਰੇਸ਼ਨ, ਰਾਹਦਾਰੀ, ਐਗਰੀਮੈਂਟਸ, ਨਾਂ ਦੀ ਤਬਦੀਲੀ ਟਰਾਂਸਲੇਸ਼ਨ ਆਦਿ।

**Ph.& 324-6727 Office**
**324-4160 (Res.)**

(ਦਫਤਰ ਸ਼ਨਿਚਰਵਾਰ ਵੀ ਖੁੱਲ੍ਹਦਾ ਹੈ



ਜਗਦੀਸ਼ ਸਿੰਘ[ B.A., L.L.B (Pb. Uni.)]
(ਸਾਬਕਾ ਐਡਵੋਕੇਟ ਪੰਜਾਬ. ਹਾਈ ਕੋਰਟ)

**ਇਮੀਗਰੇਸ਼ਨ ਸਲਾਹਕਾਰ**

* ਇਮੀਗਰੇਸ਼ਨ ਅਪੀਲ ਬੋਰਡ ਦੇ ਕੇਸ
* Adoption - ਭਾਰਤ ਤੋਂ ਬੱਚੇ ਗੋਦ ਲੈਣਾ ਤੇ ਉਹਨਾਂ ਦੀ ਇਮੀਗਰੇਸ਼ਨ
* ਇਮੀਗਰੇਸ਼ਨ ਦੇ ਆਮ ਮਸਲੇ
* ਭਾਰਤੀ ਕਾਨੂੰਨਾਂ ਬਾਰੇ ਸਲਾਹ

*ਵਰਕਜ਼ ਕੰਪਨਸੇਸ਼ਨ ਕੇਸਾਂ ਬਾਰੇ

ਦਫਤਰ ਦਾ ਐਡਰੇਸ

Suite 201-2001 E. 36 Ave.)
(At Victoria De.)
Vancouver, B.C. V5P 1C9.
ਸਮਾਂ-9 a.m. -5 p.m.

# ਭਾਰਤ ਲੋਕ ਚੀਨ ਸਬੰਧ

ਭਾਰਤ ਅਤੇ ਲੋਕ ਚੀਨ ਵਿਚਕਾਰ ਸਰਹੱਦ ਦੇ ਸੁਆਲ ਬਾਰੇ ਅੱਠਵੇਂ ਗੇੜ ਦੀ ਗੱਲਬਾਤ ਨਵੀਂ ਦਿੱਲੀ ਵਿਖੇ ਤੇਰਾਂ ਨਵੰਬਰ ਨੂੰ ਆਰੰਭ ਹੋ ਰਹੀ ਹੈ। ਇਸ ਵਾਰਤਾ ਵਿਚ ਲੋਕ ਚੀਨ ਦਾ ਅੱਠ ਮੈਂਬਰੀ ਵਫਦ ਹਿੱਸਾ ਲੈਣ ਆ ਰਿਹਾ ਹੈ ਜਿਸ ਦੀ ਅਗਵਾਈ ਲੋਕ ਚੀਨ ਦੇ ਉਪ ਬਦੇਸ ਮੰਤਰੀ ਸਾਥੀ ਲਿਨ ਕਰਨਗੇ।

ਭਾਰਤ ਸਰਕਾਰ ਦੇ ਸੂਤਰਾਂ ਅਨੁਸਾਰ ਲੋਕ ਚੀਨ ਦਾ ਵਫਦ ਪੂਰੇ ਛੇ ਦਿਨ ਰਾਜਧਾਨੀ ਦਿੱਲੀ ਵਿਚ ਹੀ ਰਹੇਗਾ। ਇਸ ਦਾ ਭਾਵ ਇਹ ਹੈ ਕਿ ਸਾਰਾ ਮਾਮਲਾ ਪੂਰੇ ਵਿਸਥਾਰ ਨਾਲ ਵਿਚਾਰਿਆ ਜਾਵੇਗਾ ਅਤੇ ਅਹਿਮ ਸਰਹੱਦੀ ਸੁਆਲ ਬਾਰੇ ਕੁਝ ਸਿੱਟੇ ਕੱਢੇ ਜਾਣਗੇ।

ਪਰਧਾਨ ਮੰਤਰੀ ਰਾਜੀਵ ਗਾਂਧੀ ਜਿੰਨਾ ਨੇ ਕਿ ਸਰ-ਹੱਦੀ ਮਾਮਲੇ ਬਾਰੇ ਆਪਣੇ ਕੈਬਨਿਟ ਸਾਥੀਆਂ ਨਾਲ ਕਈ ਵਾਰ ਵਿਚਾਰ ਕੀਤਾ ਹੈ ਨੇ ਪਿੱਛੇ ਜੇਹੇ ਕਿਹਾ ਸੀ ਕਿ ਜੇ ਅਸੀਂ ਇਸ ਸਬੰਧ ਵਿਚ ਕੋਈ ਠੋਸ ਸਿੱਟੇ ਕਢਣੇ ਹਨ ਤਾਂ ਸਾਨੂੰ ਗੱਲਬਾਤ ਦੀ ਪੱਧਰ ਅਤੇ ਤਰੀਕਾ ਬਦਲਨਾ ਹੋਵੇਗਾ ਅਤੇ ਇਸ ਸਬੰਧ ਵਿਚ ਕੁਝ ਸਿਆਸੀ ਪਹਿਲ-ਕਦਮੀਆਂ ਲੈਣੀਆਂ ਹੋਣਗੀਆਂ।

ਹਿੰਦ ਸਰਕਾਰ ਦੀ ਪਹੁੰਚ ਇਹ ਜਾਪਦੀ ਹੈ ਕਿ ਗੱਲ ਬਾਤ ਸਮੇਂ ਅਖੜ ਪਹੁੰਚ ਨਾ ਲਈ ਜਾਵੇ, ਅਥਵਾ ਲੱਚਕਦਾਰ ਪਹੁੰਚ ਅਪਣਾਈ ਜਾਵੇ।

ਅੱਠਵੇਂ ਗੇੜ ਦੀ ਗੱਲਬਾਤ ਲਈ ਮਾਹੌਲ ਐਨ. ਡੀ. ਤਿਵਾੜੀ ਨੇ ਤਿਆਰ ਕੀਤਾ ਸੀ ਜਦੋਂ ਕਿ ਉਹ ਜੂਨ ਵਿਚ ਪੀਕਿੰਗ ਗਏ ਸਨ। ਉਹਨਾਂ ਨੇ ਲੋਕ ਚੀਨ ਦੇ ਲੀਡਰਾਂ ਨੂੰ ਆਖਿਆ ਸੀ ਕਿ ਅਸੀਂ ਤੁਹਾਡੇ ਦੇਸਾਂ ਨਾਲ ਮੁਕੰਮਲ ਤੌਰ ਉੱਤੇ ਸਬੰਧ ਸੁਧਾਰਨਾ ਚਾਹੁੰਦੇ ਹਾਂ ਤੇ ਤੁਹਾਡੇ ਪੱਕੇ ਮਿੱਤਰ ਬਣਨ ਦੇ ਇੱਛਕ ਹਾਂ।"

ਸ੍ਰੀ ਤਿਵਾੜੀ ਨੇ ਇਹ ਵੀ ਕਿਹਾ ਸੀ ਕਿ ਭਾਰਤ ਲੋਕ ਚੀਨ ਨਾਲ ਸਰਹੱਦੀ ਸੁਆਲ ਸਮੇਤ ਸਾਰੇ ਹੀ ਮਤ-ਭੇਦ ਖਤਮ ਕਰਨਾ ਚਾਹੁੰਦਾ ਹੈ। ਅਤੇ ਕਿਸੇ ਵੀ ਕਿਸਮ ਦਾ ਟੱਕਰਾ ਜਾਂ ਤਣਾਅ ਬਣਿਆਂ ਰਹਿਣ ਦੇ ਹੱਕ ਵਿਚ ਨਹੀਂ।

ਜਦੋਂ ਕੁਝ ਮਹੀਨੇ ਪਹਿਲਾਂ ਪੱਛਮੀ ਪ੍ਰੈਸ ਦੇ ਹਵਾਲੇ ਨਾਲ ਲੋਕ ਚੀਨ ਵਲੋਂ ਸਰਹੱਦ ਉੱਤੇ ਵੱਡੀ ਗਿਣਤੀ ਵਿਚ ਫੌਜਾਂ ਜਮ੍ਹਾਂ ਹੋਣ ਬਾਰੇ ਖਬਰਾਂ ਛਪੀਆਂ ਸਨ ਤਾਂ ਪਰਧਾਨ ਮੰਤਰੀ ਰਾਜੀਵ ਗਾਂਧੀ ਨੇ ਇਹਨਾਂ ਨੂੰ ਮੁਖ ਰਖਦਿਆਂ ਇਹ ਗੱਲ ਸਪੱਸ਼ਟ ਕੀਤੀ ਕਿ ਸਰਹੱਦ ਉੱਤੇ ਕਿਸੇ ਵੀ ਤਰਾਂ ਦੀ ਕੋਈ ਖਤਰੇ ਵਾਲੀ ਗੱਲ ਨਹੀਂ।

ਪੱਛਮੀ ਪ੍ਰੈਸ ਵਿਚ ਹਿੰਦ-ਚੀਨ ਸਰਹੱਦ ਉੱਤੇ ਖਿਚਾਅ ਸਬੰਧੀ ਛਪੀਆਂ ਖਬਰਾਂ ਦੀ ਲੋਕ ਚੀਨ ਦੇ ਸਰਕਾਰੀ ਹਲਕਿਆਂ ਵਲੋਂ ਵੀ ਪੁਰਜ਼ੋਰ ਤਰਦੀਦ ਕੀਤੀ ਗਈ ਸੀ।

ਅਜੇ ਕੁਝ ਦਿਨ ਪਹਿਲਾਂ ਹੀ ਨੀਊਯਾਰਕ ਵਿਖੇ ਲੋਕ ਚੀਨ ਦੇ ਬਦੇਸ ਮੰਤਰੀ ਦੀ ਭਾਰਤ ਦੇ ਬਦੇਸੀ ਮਾਮਲਿਆਂ ਬਾਰੇ ਰਾਜ ਮੰਤਰੀ ਸ੍ਰੀ ਨਟਵਰ ਸਿੰਘ ਨਾਲ ਭੇਂਟ ਹੋਈ ਸੀ। ਇਸ ਭੇਂਟ ਤੋਂ ਪਿਛੋਂ ਦੋਹਾਂ ਹੀ ਧਿਰਾਂ ਵਲੋਂ ਇਹ ਆਸ ਪ੍ਰਗਟਾਈ ਗਈ ਸੀ ਕਿ ਨਵੀਂ ਦਿੱਲੀ ਵਿਚ ਭਾਰਤ ਅਤੇ ਲੋਕ ਚੀਨ ਵਿਚ-ਕਾਰ ਹੋਣ ਵਾਲੀ ਅੱਠਵੇਂ ਗੇੜ ਦੀ ਵਾਰਤਾ ਠੋਸ ਸਿੱਟੇ ਸਾਹਮਣੇ ਲਿਆਵੇਗੀ।

ਲੋਕ ਚੀਨ ਦੇ ਬਦੇਸ ਮੰਤਰੀ ਨੇ ਇਹ ਵੀ ਕਿਹਾ ਸੀ ਕਿ ਪੀਕਿੰਗ ਭਾਰਤ ਨਾਲ ਚੰਗੇ ਗੁਆਂਢੀਆਂ ਵਾਲੇ ਸਬੰਧ ਚਾਹੁੰਦਾ ਹੈ। ਦੂਜੇ ਪਾਸੇ ਸ੍ਰੀ ਨਟਵਰ ਸਿੰਘ ਨੇ ਵੀ ਏਸੇ ਹੀ ਤਰਾਂ ਦੀ ਇੱਛਾ ਪ੍ਰਗਟਾਈ ਸੀ।

ਭਾਰਤ ਅਤੇ ਲੋਕ ਚੀਨ ਦੇ ਆਗੂਆਂ ਦੇ ਇਸ ਤਰਾਂ ਦੇ ਬਿਆਨਾਂ ਤੋਂ ਇਹ ਵਿਸ਼ਵਾਸ਼ ਬੱਝਦਾ ਹੈ ਕਿ ਅੱਠਵੇਂ ਗੇੜ ਦੀ ਗੱਲਬਾਤ ਵਿਚ ਸਰਹੱਦੀ ਝਗੜੇ ਬਾਰੇ ਮੁਖੀ ਮਾਮਲੇ ਨਬੇੜ ਲਏ ਜਾਣਗੇ ਅਤੇ ਲੋਕ ਚੀਨ ਅਤੇ ਭਾਰਤ ਇਕ ਦੂਜੇ ਦੇ ਹੋਰ ਨੇੜੇ ਆਉਣਗੇ।

ਜਿਸ ਤਰਾਂ ਦੀ ਅਵਸਥਾ ਸਾਡੇ ਇਸ ਉਪ-ਮਹਾਂਦੀਪ ਵਿਚ ਬਣੀ ਹੋਈ ਹੈ ਉਸ ਨੂੰ ਮੁੱਖ ਰੱਖਦਿਆਂ ਜੇ ਭਾਰਤ ਅਤੇ ਲੋਕ ਚੀਨ ਵਿਚਕਾਰ ਸਬੰਧ ਹੋਰ ਵੀ ਪੱਕੇ ਪੀਡੇ ਹੁੰਦੇ ਹਨ ਤਾਂ ਇਸ ਨਾਲ ਉਹਨਾਂ ਸ਼ਕਤੀਆਂ ਨੂੰ ਧੱਕਾ ਲੱਗੇਗਾ ਜਿਹੜੀਆਂ ਕਿ ਭਾਰਤ ਨੂੰ ਡਰਾ ਧਮਕਾ ਹੀ ਨਹੀਂ ਰਹੀਆਂ ਸਗੋਂ ਇਸ ਦੇਸ ਵਿਰੁੱਧ ਹੋਰ ਵੀ ਕਈ ਤਰਾਂ ਦੀਆਂ ਕਾਰਵਾਈਆਂ ਕਰ ਰਹੀਆਂ ਹਨ।

ਭਾਰਤ ਅਤੇ ਲੋਕ-ਚੀਨ ਵਿਚਕਾਰ ਚੰਗੇ ਮਿੱਤਰਾਂ ਵਾਲੇ ਸਬੰਧ ਦੋਹਾਂ ਹੀ ਦੇਸ਼ਾਂ ਦੇ ਹਿੱਤ ਵਿਚ ਹਨ ਅਤੇ ਇਹਨਾਂ ਨੂੰ ਚੰਗੇਰੇ ਬਨਾਉਣ ਲਈ ਜੇ ਦੋਹਾਂ ਹੀ ਧਿਰਾਂ ਵਲੋਂ ਸੰਜੀਦਾ ਕੋਸ਼ਿਸ਼ਾਂ ਹੁੰਦੀਆਂ ਹਨ ਤਾਂ ਇਹ ਬਹੁਤ ਹੀ ਚੰਗੀ ਗੱਲ ਹੈ।


**Goyal Travels Inc.**

4152 FRASER ST., VANCOUVER B.C. V5V 4E8 (604) 877-7777

IATA



ਵੈਨਕੂਵਰ ਦਫਤਰ ਦਾ
ਨਵਾਂ ਫੋਨ ਨੰਬਰ
(604) 877-7777

*WE ARE PLEASED TO ANNOUNCE THE OPENING OF OUR THREE NEW OFFICES*

**Goyal Travel & Tours Canada Inc.**

| CALGARY ਕੈਲਗਰੀ | ਐਡਮਿੰਟਨ EDMONTON | ਟਰਾਂਟੋ - TORONTO |
| --- | --- | --- |
| UNIT 1-5320-8th. AVE., S.E. CALGARY, ALBERTA, T2A 4L7 | 9344-34th. AVE., STRATHCONA SQUARE, EDMONTON, ALTA. T6E 5X8 | SUITE 211, 593 YONGE ST. TORONTO, ONT. M4Y 1Z4 |
| PH. (403) 235-6808 | PH. (403) 462-2424 | PH. (416) 960-3666 |

TOLL FREE IN B.C., ALBERTA, SASKATECHEWAN AND MANITOBA 1-800-663-8638

ਅਸੀਂ ਸ਼ੁਰੂ ਤੋਂ ਹੀ ਇਸ ਵਿਚਾਰ ਦੇ ਰਹੇ ਹਾਂ ਕਿ ਭਾਰਤ ਨੂੰ ਲੋਕ-ਚੀਨ ਨਾਲ ਸਾਰੇ ਮਾਮਲੇ ਗਲਬਾਤ ਰਾਹੀਂ ਹੱਲ ਕਰਨੇ ਚਾਹੀਦੇ ਹਨ ਅਤੇ ਸਾਨੂੰ ਇਹ ਗੱਲ ਕਹਿਣ ਬਦਲੇ ਸਾਡੇ ਦੇਸ਼ ਦੀ ਹਾਕਮ ਕਾਂਗਰਸ ਪਾਰਟੀ ਵਲੋਂ 1962 ਵਿਚ ਸਾਨੂੰ ਗਦਾਰ ਕਿਹਾ ਗਿਆ ਸੀ।

ਭਾਰਤ ਅਤੇ ਲੋਕ ਚੀਨ ਵਿਚਕਾਰ 1950 ਤੋਂ ਲੈ ਕੇ 1960 ਤਕ ਬਣੇ ਆ ਰਹੇ ਚੰਗੇ ਦੋਸਤਾਨਾ ਸਬੰਧ ਕਿਵੇਂ ਖਰਾਬ ਹੋਏ ਅਤੇ ਇਹਨਾਂ ਦਾ ਕੀ ਕਾਰਨ ਸੀ ਅਸੀਂ ਏਥੇ ਇਸ ਵਾਦ-ਵਿਵਾਦ ਵਿਚ ਨਹੀਂ ਪੈਣਾ ਚਾਹੁੰਦੇ।

ਜੇ ਲੋਕ-ਚੀਨ ਅਤੇ ਭਾਰਤ ਵਿਚਕਾਰ ਸਬੰਧ ਸੁਧਰਨ ਵੱਲ 1971-72 ਤੋਂ ਗੱਲ ਤੁਰੀ ਤਾਂ ਸਪਸ਼ਟ ਹੀ ਸੀ ਕਿ ਦੋਹਾਂ ਹੀ ਧਿਰਾਂ ਨੇ ਇਸ ਸੇਧ ਵਿਚ ਕੁਝ ਕਦਮ ਪੁਟੇ।

ਇਸ ਸੇਧ ਵਿਚ ਸਾਰਥਕ ਕਦਮ ਉਦੋਂ ਪੁਟਿਆ ਗਿਆ ਜਦੋਂ ਮਰਹੂਮ ਪਰਧਾਨ ਮੰਤਰੀ ਇੰਦਰਾ ਗਾਂਧੀ ਦੇ ਦੌਰ ਵਿਚ ਭਾਰਤ ਨੇ ਆਪਣਾ ਸਫੀਰ ਪੀਕਿੰਗ ਰਵਾਨਾ ਕਰ ਦਿਤਾ ਅਤੇ ਫੇਰ ਪਿਛੋਂ ਪੀਕਿੰਗ ਨੇ ਵੀ ,ਆਪਣਾ ਸਫੀਰ ਦਿੱਲੀ ਭੇਜ ਦਿਤਾ।

ਸਪਸ਼ਟ ਹੀ ਹੈ ਕਿ ਇਹ ਸਾਰਾ ਕੁਝ ਹੋਣ ਤੋਂ ਪਹਿਲਾਂ ਕੁਝ ਗੱਲਾਂ ਬਾਤਾਂ ਜ਼ਰੂਰ ਹੋਣਗੀਆਂ।

ਜਦੋਂ ਲੋਕ-ਚੀਨ ਨਾਲ ਸਰਹੱਦੀ ਸੁਆਲ ਤੇ ਹੋਰ ਮਾਮਲਿਆਂ ਦੇ ਬਾਰੇ ਵਿਚ ਪਹਿਲੇ ਗੇੜ ਦੀ ਗਲਬਾਤ ਆਰੰਭ ਹੋਈ ਸੀ ਤਾਂ ਸਾਡੇ ਦੇਸ਼ ਅੰਦਰ ਕੁਝ ਸ਼ਕਤੀਆਂ ਨੇ ਬੜਾ ਚੀਕ ਚਿਹਾੜਾ ਪਾਇਆ ਸੀ ਪਰ ਇਹਨਾਂ ਦੇ ਪੈਰ ਨਹੀਂ ਸਨ ਲੱਗ ਸਕੇ।

ਸਾਡੇ ਦੇਸ਼ ਦੇ ਪ੍ਰੈਸ ਦੇ ਕੁਝ ਹਲਕਿਆਂ ਵਲੋਂ ਵੀ ਵਿੰਗੇ ਟੇਢੇ ਢੰਗ ਨਾਲ ਭਾਰਤ ਸਰਕਾਰ ਦੀ ਲੋਕ-ਚੀਨ ਨਾਲ ਗਲਬਾਤ ਆਰੰਭ ਕਰਨ ਦੀ ਨੀਤੀ ਦੀ ਨੁਕਤਾਚੀਨੀ ਕੀਤੀ ਗਈ ਸੀ। ਇਹ ਨੁਕਤਾਚੀਨੀ ਹਾਲੇ ਵੀ ਜ ਰੀ ਹੈ।

ਨੋਟ ਕਰਨ ਵਾਲੀ ਗੱਲ ਇਹ ਹੈ ਕਿ ਸਾਡੇ ਦੇਸ਼ ਅੰਦਰ ਉਹ ਸਿਆਸੀ ਹਲਕੇ ਹੀ ਲੋਕ ਚੀਨ ਨਾਲ ਸਬੰਧ ਸੁਧਾਰਨ ਦੇ ਵਿਰੋਧੀ ਹਨ ਜਿਨਾਂ ਨੂੰ ਸਾਡੇ ਦੇਸ਼ ਦੀ ਨਿਰਪੱਖ ਬਦੇਸ਼ੀ ਨੀਤੀ ਪਸੰਦ ਨਹੀਂ ਅਤੇ ਜਿਹੜੇ ਦੇਸ਼ ਨੂੰ ਅਮਰੀਕੀ ਸਾਮਰਾਜੀ ਕੈਂਪ ਨਾਲ ਮੁਕੰਮਲ ਤੌਰ ਉੱਤੇ ਜੋੜਨ ਲਈ ਖਲੋਂਦੇ ਹਨ।

ਜਦੋਂ ਅੱਠਵੇਂ ਗੇੜ ਦੀ ਗਲਬਾਤ ਦੇ ਸਬੰਧ ਵਿਚ ਦੋਹਾਂ ਹੀ ਧਿਰਾਂ ਵਲੋਂ ਠੋਸ ਸਿਟੇ ਸਾਹਮਣੇ ਆਉਣ ਦੇ ਭਰੋਸੇ ਪ੍ਰਗਟਾਏ ਜਾ ਰਹੇ ਹਨ ਤਾਂ ਨਿਸਚੇ ਹੀ ਸਾਡੇ ਦੇਸ਼ ਅੰਦਰਲੀਆਂ ਅਤੇ ਦੇਸ਼ ਤੋਂ ਬਾਹਰਲੀਆਂ ਸ਼ਕਤੀਆਂ ਲੋਕ ਚੀਨ ਦੇ ਸਬੰਧ ਵਿਚ ਕਈ ਤਰਾਂ ਦੀਆਂ ਗਲਤ ਕਹਾਣੀਆਂ ਪਰਚਾਰਨ ਦਾ ਯਤਨ ਕਰਨਗੀਆਂ। ਪਰ ਸਾਨੂੰ ਪੂਰਨ ਆਸ ਹੈ ਕਿ ਇਹਨਾਂ ਦੀਆਂ ਸਭ ਚਾਲਾਂ ਪਹਿਲਾਂ ਵਾਂਗ ਹੀ ਫੇਲ ਹੋ ਜਾਣਗੀਆਂ ਅਤੇ ਭਾਰਤ ਅਤੇ ਲੋਕ ਚੀਨ ਕੁਝ ਹੀ ਸਮੇਂ ਵਿਚ ਇਕ ਦੂਜੇ ਦੇ ਬਹੁਤ ਹੀ ਨੇੜੇ ਆ ਜਾਣਗੇ।

ਇਹਨਾਂ ਸ਼ਬਦਾਂ ਨਾਲ ਅਸੀਂ ਤੇਰਾਂ ਨਵੰਬਰ ਨੂੰ ਭਾਰਤ ਅਤੇ ਲੋਕ ਚੀਨ ਵਿਚਕਾਰ ਆਰੰਭ ਹੋ ਰਹੀ ਅਠਵੇਂ ਗੇੜ ਦੀ ਗਲਬਾਤ ਦੀ ਪੂਰਨ ਸਫਲਤਾ ਦੀ ਕਾਮਨਾ ਕਰਦੇ ਹਾਂ। □

ਸਫਾ 31 ਦੀ ਬਾਕੀ

ਤੇ ਪਰਿਵਾਰ ਵਿਚ ਦੱਸੇ ਗਏ ਹੀ ਰਹਿੰਦੇ ਹਨ ਤਾਂ ਫਿਰ ਇਹ ਜ਼ਮਾਨਤ ਕੋਈ ਨਕਦ ਨਹੀਂ, ਸਿਰਫ ਕਾਗਜ਼ ਹੈ ਅਤੇ ਜੁਰਮਾਨੇ ਦਾ ਉਵੇਂ ਡਰ ਨਹੀਂ ਕਿਉਂਕਿ ਤੁਸੀਂ ਗੈਰ ਕਾਨੂੰਨੀ ਤਾਂ ਕਰਨਾ ਨਹੀਂ। ਖੈਰ ਅਸੀਂ ਅਜੇ ਭੀ ਇਸ ਤਰ੍ਹਾਂ ਦੀਆਂ ਵੱਡੀਆਂ ਰਕਮਾਂ ਜ਼ਮਾਨਤਾਂ ਦੇ ਵਿਰੁਧ ਹਾਂ।

**ਕਿਰਾਏ ਲਈ ਖੁੱਲ ਦਿਉ** — ਚੁਆਇਸ ਦੀ ਰੀਪੋਰਟ ਤੇ ਬੋਲਦੇ ਹੋਏ ਮੈਂ ਆਖਿਆ ਕਿਉਂਕਿ ਉਥੋ ਦੇ ਵਸਨੀਕਾਂ ਦੀ ਬਹੁ-ਗਿਣਤੀ ਨੇ ਪਰਿਵਾਰਕ ਸੁਈਟਾਂ ਦੇ ਨਾਲ ਕਿਰਾਏ ਤੇ ਦੇਣ ਲਈ ਸੁਈਟਾਂ ਦੇ ਹੱਕ ਵਿਚ ਵੋਟ ਰਾਹੀਂ ਰਾਏ ਦਿੱਤੀ ਹੈ ਸੋ ਉਥੇ ਅਤੇ ਸ਼ਹਿਰ ਦੇ ਬਾਕੀ ਹਿੱਸਿਆਂ ਵਿਚ ਭੀ ਕਿਰਾਏ ਲਈ ਸੁਈਟ ਦੀ ਭੀ ਕਾਨੂੰਨੀ ਇਜ਼ਾਜਤ ਦਿਤੀ ਜਾਵੇ। ਇਸ ਲਈ ਸਾਰੀਆਂ ਕਮਿਊਨਿਟੀਆਂ ਅਤੇ ਭਾਰਤੀਆਂ ਨੂੰ ਭੀ ਇਸ ਕਿਰਾਏ ਲਈ ਸੁਈਟ ਦੇ ਮਸਲੇ ਤੇ ਇਕੱਠੇ ਹੋ ਕੇ ਦਬਾਅ ਪਾਉਣਾ ਚਾਹੀਦਾ ਹੈ। ਵੱਡੇ ਘਰਾਂ ਦੇ ਸਾਈਜ਼ ਬਾਰੇ ਅਜੇ ਰੀਪੋਰਟ ਆਉਣੀ ਹੈ। ਜਦੋਂ ਆਈ ਉਸ ਵਾਰੇ ਭੀ ਗੱਲ ਕਰਾਂਗੇ। ਪਰ ਅਜੇ ਭੀ ਪਰਿਵਾਰ ਲਈ ਬੇਸਮੈਂਟ ਸੁਈਟਾਂ ਲਈ ਕੁਝ ਸ਼ਰਤਾਂ ਨੂੰ ਖਤਮ ਜਾਂ ਨਰਮ ਕਰਾਉਣ ਲਈ ਸਰਗਰਮ ਹੋਵੋ। ਇਜਾਜ਼ਤ ਤਾਂ ਮਿਲ ਜਾਣੀ ਹੈ। ਜਿਹਨਾਂ ਨੇ ਸਾਥ ਦਿੱਤਾ ਤੇ ਦੇ ਰਹੇ ਹਨ ਉਹਨਾਂ ਦਾ ਧੰਨਵਾਦ ਪਰ ਅਜੇ ਸ਼ਰਤਾਂ ਵਾਲਾ ਮਸਲਾ ਗੰਭੀਰ ਹੈ ਅਤੇ ਉਹ ਭੀ ਤਦ ਹੀ ਦਰੁਸਤ ਹੋਵੇਗਾ ਜੇਕਰ ਸਾਰੇ ਸਰਗਰਮ ਹੋਣ। ਸੋ ਅਸੀਂ ਤੁਹਾਨੂੰ ਅਜ ਤੱਕ ਦੀ ਸਥਿਤੀ ਦਸ ਦਿੱਤੀ ਹੈ ਤਾਂ ਕਿ ਫਿਰ ਕੋਈ ਇਹ ਨਾ ਆਖੇ ਕਿ ਫਲਾਂ ਗਲ ਗਲਤ ਹੋ ਗਈ ਅਤੇ ਇਉਂ ਚਾਹੀਦੀ ਸੀ। ਹੁਣ ਅਜੇ ਮੌਕਾ ਹੈ। ਪਰਿਵਾਰ ਵਿਆਖਿਆ ਅਤੇ ਸ਼ਰਤਾਂ ਤੇ ਲਾਗੂ ਕਰਨ ਵਾਲੇ ਰੂਲਾਂ ਵਿਚ ਬਦਲੀ ਕਰਵਾਈ ਜਾ ਸਕਦੀ ਹੈ। ਇਹ ਡਰਾਫਟ ਹਨ ਤੇ ਕੌਂਸਲ ਵਿਚ ਜਾਣੇ ਹਨ। ਪਿਛੋਂ ਨੁਕਸ ਕੱਢਣ ਜਾਂ ਸੌੜੀ ਸਿਆਸਤ ਪਾਲਣ ਲਈ ਉਲਾਂਭੇ ਦੇਣ ਦੀ ਥਾਂ ਸਿੱਧਾ ਸਿਟੀ ਕੌਂਸਲ ਨੂੰ ਠੋਕ ਕੇ ਰਾਏ ਦਿਉ ਅਤੇ ਦਬਾਅ ਪਾਉ। ਇਹ ਗੱਲ ਭਾਵ ਜੇ ਕੋਈ ਭੀ ਬਦਲੀ ਜਾ ਚੰਗੀ ਗੱਲ ਚਾਹੁੰਦੇ ਹੋ ਤਾਂ ਇਹਨਾਂ ਕੁਝ ਹਫਤਿਆਂ ਵਿਚ ਇਸ ਰੀਪੋਰਟ ਸੰਬੰਧੀ ਲਿਖ ਕੇ ਜਾਂ ਮਿਲਕੇ ਰਾਏ ਦਿਉ

ਬਾਕੀ ਸਫਾ 5 ਉੱਤੇ

ਬੰਬੇ ਸਵੀਟਸ ਮੈਨੂਫੈਕਚਰਰ ਇਨਕ
ਮਠਿਆਈਆਂ ਦੀ ਸਭ ਤੋਂ ਵੱਡੀ ਦੁਕਾਨ!
BOMBAY SWEETS MANUFACTURER INC.
6556—6560 MAIN (at 49th Ave.)
VANCOUVER, B.C. V5X 3G9
Tel. (604) 321-1414
Or 874-5722
CONTACT:
NARESH SHUKLA & BROS.
$2.50 / ਪੌਂਡ ਵਾਲੀਆਂ ਜਲੇਬੀਆਂ $1.00
$2.50 / ਪੌਂਡ ਵਾਲੇ ਲੱਡੂ $1.75

# ਖੱਬੀਆਂ ਸ਼ਕਤੀਆਂ ਵੱਲੋਂ ਪਾਰਲੀਮੈਂਟ ਅੱਗੇ ਵਿਸ਼ਾਲ ਵਿਖਾਵਾ 9 ਦਸੰਬਰ ਨੂੰ

ਹਿੰਦ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਦੀ ਕੇਂਦਰੀ ਕਮੇਟੀ ਦੀ ਅਗਸਤ ਵਿਚ ਹੋਈ ਮੀਟਿੰਗ ਵਲੋਂ ਰਾਸ਼ਟਰੀ ਸਥਿਤੀ ਸਬੰਧੀ ਪਰਵਾਨ ਕੀਤੇ ਮਤੇ ਦੀ ਸੇਧ ਵਿਚ, 11 ਅਕਤੂਬਰ ਨੂੰ ਨਵੀਂ ਦਿੱਲੀ ਵਿਚ ਚਾਰ ਖੱਬੀਆਂ ਪਾਰ-ਟੀਆਂ—ਸੀ. ਪੀ. ਆਈ. (ਐਮ), ਸੀ. ਪੀ. ਆਈ, ਆਰ. ਐਸ. ਪੀ, ਫਾਰ-ਵਰਡ ਬਲਾਕ ਦੀਆਂ ਅਗਵਾਈ ਵਾਲੀਆਂ ਜਨਤਕ ਜਥੇਬੰਦੀਆਂ ਦੇ ਪ੍ਰਤੀਨਿਧਾਂ ਦੀ ਮੀਟਿੰਗ ਹੋਈ। ਮੀਟਿੰਗ ਨੇ 9 ਦਸੰਬਰ ਨੂੰ ਨਵੀਂ ਦਿੱਲੀ ਵਿਖੇ ਸੰਸਦ ਅਗੇ ਵਿਸ਼ਾਲ ਮਾਰਚ ਜਥੇਬੰਦ ਕਰਨ ਦਾ ਫੈਸਲਾ ਕੀਤਾ ਜਿਸ ਵਿਚ ਭਖਵੇਂ ਜਨਤਕ ਮਸਲਿਆਂ ਅਤੇ ਦੇਸ਼ ਦੀ ਏਕਤਾ ਦੀ ਰਾਖੀ ਲਈ ਤੇ ਫਿਰਕਾਪ੍ਰਸਤੀ ਤੇ ਵੱਖਵਾਦ ਵਿਰੁਧ ਲੜਾਈ ਦੇ ਨਾਲ ਨਾਲ ਰਾਜੀਵ ਸਰਕਾਰ ਦੇ ਅਸਤੀਫੇ ਅਤੇ ਲੋਕ ਸਭਾ ਦੀਆਂ ਮਧਕਾਲੀ ਚੋਣਾਂ ਕਰਵਾਉਣ ਦੀ ਮੰਗ ਨੂੰ ਬੁਲੰਦ ਕੀਤਾ ਜਾਵੇਗਾ। ਮੀਟਿੰਗ ਦੀ ਪ੍ਰਧਾਨਗੀ ਸੀਟੂ ਦੇ ਜਨਰਲ ਸਕੱਤਰ ਸਾਥੀ ਸਮਰ ਮੁਕਰਜੀ ਐਮ. ਪੀ. ਮੈਂਬਰ ਪੋਲਿਟ ਬਿਊਰੋ ਸੀ. ਪੀ. ਆਈ. (ਐਮ) ਨੇ ਕੀਤੀ। ਮੀਟਿੰਗ ਵਿਚ ਸੀਟੂ, ਕੁਲ ਹਿੰਦ ਖੇਤ ਮਜ਼ਦੂਰ ਯੂਨੀਅਨ, ਕੁਲ ਹਿੰਦ ਕਿਸਾਨ ਸਭਾ, ਡੀ. ਵਾਈ. ਐਫ. ਆਈ, ਐਸ. ਐਫ. ਆਈ, ਕੁਲ ਹਿੰਦ ਜਨਵਾਦੀ ਇਸਤਰੀ ਸਭਾ, ਏਟਕ, ਸੀ. ਪੀ. ਆਈ. ਦੀ ਅਗਵਾਈ ਵਾਲੀ ਕੁਲ ਹਿੰਦ ਕਿਸਾਨ ਸਭਾ, ਖੇਤ ਮਜ਼ਦੂਰ ਸਭਾ, ਏ. ਆਈ. ਐਸ. ਐਫ, ਏ. ਆਈ. ਵਾਈ. ਐਫ, ਨੈਸ਼ਨਲ ਫੈਡਰੇਸ਼ਨ ਆਫ ਇੰਡੀਅਨ ਵੋਮੈਨ, ਏ. ਆਈ. ਟੀ. ਯੂ. ਸੀ. ਸੀ, ਏ. ਆਈ. ਐਸ. ਬੀ, ਏ. ਆਈ. ਵਾਈ. ਐਲ, ਅਗਰਗਾਮੀ ਕਿਸਾਨ ਸਭਾ, ਆਲ ਇੰਡੀਆ ਅਗਰਗਾਮੀ ਮਾਹਿਲਾ ਸਮਤੀ, ਯੂ. ਟੀ. ਯੂ. ਸੀ, ਆਰ. ਵਾਈ. ਉ, ਪੀ. ਐਸ. ਯੂ, ਸਮੁਕਤਿਆਂ ਕਿਸਾਨ ਸਭਾ ਦੇ ਪ੍ਰਤੀਨਿਧ ਸ਼ਾਮਲ ਹੋਏ। ਸਾਥੀ ਹੋਮੀ ਦਾਜੀ ਨੇ ਇਸ ਮੀਟਿੰਗ ਦੇ ਮੰਤਵਾਂ ਦੀ ਵਿਆ-ਖਿਆ ਕੀਤੀ। ਸੀ. ਪੀ. ਆਈ. (ਐਮ) ਪੋਲਿਟ ਬਿਊਰੋ ਮੈਂਬਰ ਅਤੇ ਵਾਈਸ ਪ੍ਰਧਾਨ ਕੁਲ ਹਿੰਦ ਕਿਸਾਨ ਸਭਾ ਸਾਥੀ ਹਰਕਿਸ਼ਨ ਸਿੰਘ ਸੁਰਜੀਤ ਨੇ ਸੰਸਦ ਅਗੇ ਖੱਬੀਆਂ ਸ਼ਕਤੀਆਂ ਵਲੋਂ ਕੀਤੇ ਜਾ ਰਹੇ ਮਾਰਚ ਦੇ ਮੰਤਵ ਦਾ ਵਿਸਥਾਰ ਦਸਦਾ ਮਤਾ ਪੇਸ਼ ਕੀਤਾ ਜੋ ਕੁਝ ਇਕ ਵਾਧਿਆਂ ਨਾਲ ਪਰਵਾਨ ਕਰ ਦਿਤਾ ਗਿਆ।

ਮੀਟਿੰਗ ਵਲੋਂ ਇਹ ਵੀ ਫੈਸਲਾ ਕੀਤਾ ਗਿਆ ਕਿ 9 ਦੇ ਮਾਰਚ ਤੋਂ ਪਹਿਲਾਂ ਦੇਸ਼ ਦੇ ਭਿੰਨ ਭਿੰਨ ਕੋਨਿਆਂ ਤੋਂ 6 ਜਥੇ ਮਾਰਚ ਕਰਦੇ ਹੋਏ 8 ਦਸੰਬਰ ਨੂੰ ਨਵੀਂ ਦਿੱਲੀ ਪਹੁੰਚਣਗੇ। ਮੀਟਿੰਗ ਵਲੋਂ ਇਕ ਕੇਂਦਰੀ ਮੁਹਿੰਮ ਕਮੇਟੀ ਕਾਇਮ ਕੀਤੀ ਗਈ ਜਿਸਦੇ ਸਰਵਸਾਥੀ ਹਰਕਿਸ਼ਨ ਸਿੰਘ ਸੁਰਜੀਤ ਅਤੇ ਹੋਮੀਦਾਜੀ ਕੋ-ਕਨਵੀਨਰ ਬਣਾਏ ਗਏ ਹਨ। ਇਸ ਮੁਹਿੰਮ ਕਮੇਟੀ ਦਾ ਦਫਤਰ 12-ਬੀ ਫਿਰੋਜ ਸ਼ਾਹ ਰੋਡ ਨਵੀਂ ਦਿੱਲੀ ਤੋਂ ਚਾਲੂ ਹੋ ਗਿਆ ਹੈ। ਕੇਂਦਰੀ 'ਮੁਹਿੰਮ ਕਮੇਟੀ ਨੇ 13 ਅਕਤੂਬਰ ਨੂੰ ਮੀਟਿੰਗ ਕਰਕੇ ਇਹਨਾਂ ਜਥਿਆਂ ਦੇ ਮਾਰਚ ਨੂੰ ਹੋਰ ਠੋਸ ਰੂਪ ਦੇ ਦਿੱਤਾ। ਇਸ ਅਨੁਸਾਰ ਛੇ ਜਥੇ ਚਲਣਗੇ ਜੋ ਸੂਬਾਈ ਲੀਡਰਾਂ ਉਪਰ ਅਧਾਰਤ ਹੋਣਗੇ ਅਤੇ ਇਹ ਕਾਫਲੇ ਥਾਂ-ਥਾਂ ਪੜਾਅ ਕਰਦੇ ਅਤੇ ਮਾਰਚ ਤੇ ਰੈਲੀ ਦਾ ਪਰੋਗਰਾਮ ਦਸਦੇ ਹੋਏ 8 ਦਸੰਬਰ ਤਕ ਦਿੱਲੀ ਪਹੁੰਚਕੇ 9 ਦਸੰਬਰ ਨੂੰ ਮਾਰਚ ਤੇ ਵਿਸ਼ਾਲ ਰੈਲੀ ਵਿਚ ਭਾਗ ਲੈਣਗੇ। ਇਹਨਾਂ ਕਾਫਲਿਆਂ 'ਚ ਇਕ ਥਾਂ ਤੋਂ ਦੂਸਰੀ ਥਾਂ ਤੱਕ ਸਵਾਗਤ ਤੇ ਵਿਦਾ ਕਰਨ ਵਾਸਤੇ ਹੋਰ ਸਥਾਨਕ ਸਾਥੀ ਰਲਦੇ ਤੇ ਵਿਛੜਦੇ ਜਾਣਗੇ। ਪਹਿਲਾ ਜਥਾ ਤਰੀਵੇਂਦਰਮ ਤੋਂ 8 ਨਵੰਬਰ ਸ਼ਾਮ ਨੂੰ ਅਰੰਭ ਹੋਕੇ ਕੁਲਿਨ, ਅਲੇਪੀ, ਅਰਨਾਕੁਲਮ, ਤ੍ਰੀਚੁਰ, ਪਾਲਘਾਟ, ਕਾਂਬੇ-ਤੂਰ, ਇਰੋਡ, ਜਲੇਮ, ਧਰਮਪੁਰੀ,ਬੰਗਲੋਰ, ਅਨੰਤਪੁਰ, ਕਰਨੂਲ, ਮਹਿਬੂਬਨਗਰ, ਹੈਦਰਾਬਾਦ, ਨਿਜ਼ਾਮਾਬਾਦ, ਅਦੀਲਾਬਾਦ, ਵਾਰਧਾ ਨਾਗਪੁਰ, ਸਿਉਨੀ, ਜਬਲਪੁਰ, ਦਮੋਹ, ਸਾਗਰ, ਲਲਿਤਪੁਰ ਝਾਂਸੀ, ਭਿੰਡ, ਅਲੀਗੜ੍ਹ, ਬੁਲੰਦ ਸ਼ਹਿਰ, ਗਾਜ਼ੀਆਬਾਦ, ਹੁੰਦਾ ਹੋਇਆ ਦਿਲੀ ਪਹੁੰਚੇਗਾ, ਦੂਜਾ ਜਥਾ ਵੀ ਤ੍ਰੀਵੇਂਦਰਮ ਤੋਂ ਹੀ ਚਲੇਗਾ ਇਹ ਦੂਸਰਾ ਰੂਟ ਲੈਂਦਾ ਹੋਇਆ ਦਿੱਲੀ ਪਹੁੰਚੇਗਾ। ਤੀਜਾ ਜਥਾ ਕਲਕਤੇ ਤੋਂ 8 ਨਵੰਬਰ ਨੂੰ ਚਲਕੇ ਬਿਹਾਰ ਤੇ ਯੂ. ਪੀ. ਵਿਚ ਭਿੰਨ ਭਿੰਨ ਥਾਂ ਪੜਾਅ ਕਰਦਾ ਹੋਇਆ 8 ਦਸੰਬਰ ਨੂੰ ਦਿੱਲੀ ਪਹੁੰਚੇਗਾ। ਚੌਥਾ ਜਥਾ 18 ਨਵੰਬਰ ਨੂੰ ਬੰਬਈ ਤੋਂ ਚਲਕੇ 8 ਦਸੰਬਰ ਨੂੰ ਦਿਲੀ ਪਹੁੰਚੇਗਾ। ਪੰਜਵਾਂ ਜਥਾ ਅੰਮ੍ਰਿਤਸਰ ਜਲਿਆਂਵਾਲਾ ਬਾਗ ਤੋਂ 29 ਨਵੰਬਰ ਨੂੰ ਚਲਕੇਜਲੰਧਰ, ਲੁਧਿਆਣਾ, ਚੰਡੀਗੜ, ਅੰਬਾਲਾ, ਸ਼ਾਹ-ਬਾਦ, ਕਰਨਾਲ, ਪਾਣੀਪਤ, ਸੋਨੀਪਤ


# CHIPS

## POULTRY & FARM PRODUCE

**3711 No.5 ROAD, RICHMOND, B.C.**

ਕੁੱਕੜ ਦਾ, ਬੱਕਰੇ ਦਾ ਤੇ ਲੈਂਬ ਦਾ ਤਾਜ਼ਾ ਮੀਟ ਅਤੇ ਸਲਾਈਸਡ ਹੈਮ ਲੈਣ ਲਈ ਅੱਜ ਹੀ ਚਿਪਸ ਪੋਲਟਰੀ ਤੇ ਪਹੁੰਚੋ।

**ਕੀਮਤਾਂ ਇੰਨੀਆਂ ਘੱਟ ਕਿ ਤੁਸੀਂ ਦੇਖ ਕੇ ਹੈਰਾਨ ਹੀ ਰਹਿ ਜਾਵੋਗੇ!**

**ਜ਼ਿਆਦਾ (Bulk Meat) ਖਰੀਦਣ ਤੇ ਭਾਰੀ ਡਿਸਕਾਊਂਟ ਦਿੱਤਾ ਜਾਵੇਗਾ!**

FOR MORE INFORMATION

Babul or Aly

Phone : 278-0947

ਹੁੰਦਾ ਹੋਇਆ 8 ਦਸੰਬਰ ਨੂੰ ਦਿਲੀ ਪਹੁੰਚੇਗਾ। ਛੇਵਾਂ ਜੱਥਾ ਵੀ ਪੰਜਾਬ ਵਿਚ ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੀ ਸਮਾਧ ਹੁਸੈਨੀਵਾਲਾ ਤੋਂ 29 ਨਵੰਬਰ ਨੂੰ ਚਲੇਗਾਂ ਅਤੇ ਫਿਰੋਜ਼ਪੁਰ, ਫਰੀਦਕੋਟ, ਬਠਿੰਡਾ, ਸੰਗਰੂਰ, ਪਟਿਆਲਾ, ਨਰਵਾਣਾ ਟੋਹਾਣਾ, ਫਤਿਆਬਾਦ, ਹਿਸਾਰ, ਭਿਵਾਨੀ ਰੋਹਤਕ ਅਤੇ ਬਹਾਦਰਪੁਰ ਹੁੰਦਾ ਹੋਇਆ 8 ਦਸੰਬਰ ਨੂੰ ਦਿੱਲੀ ਪਹੁੰਚੇਗਾ।

11 ਅਕਤੂਬਰ ਦੀ ਮੀਟਿੰਗ ਵਲੋਂ ਪਰਵਾਨ ਕੀਤਾ ਪੂਰਾ ਮਤਾ ਹੇਠ ਪਰਕਾਰ ਹੈ :

"ਖੱਬੀਆਂ ਪਾਰਟੀਆਂ ਦੇ ਵਲੋਂ ਆਪਣੀ ਅਗਵਾਈ ਵਾਲੀਆਂ ਜਮਾਤੀ ਤੇ ਜਨਤਕ ਜਥੇਬੰਦੀਆਂ ਦੀ ਮੀਟਿੰਗ ਕੀਤੀ ਗਈ ਜਿਸ ਦਾ ਉਦੇਸ਼ ਮਿਹਨਤਕਸ਼ ਜਨਸਮੂਹਾਂ ਦੇ ਭਿੰਨ ਭਿੰਨ ਭਾਗਾਂ ਮਜ਼ਦੂਰ ਜਮਾਤ, ਖੇਤ ਮਜ਼ਦੂਰ, ਕਿਸਾਨ, ਵਿਦਿਆਰਥੀ, ਨੌਜਵਾਨ ਅਤੇ ਇਸਤਰੀਆਂ—ਨੂੰ ਇਹਨਾਂ ਹੇਠਲੇ ਭਖਦੇ ਮਸਲਿਆਂ ਤੇ ਲਾਮਬੰਦ ਕਰਨਾ ਹੈ—ਔੜ ਤੇ ਹੜ ਰਾਹਤ, ਕੀਮਤਾਂ ਵਿਚ ਵਾਧਾ, ਪ੍ਰਭਾਵਕਾਰੀ ਪਬਲਿਕ ਵੰਡ ਪ੍ਰਣਾਲੀ, ਕਿਸਾਨੀ ਉਪਜਾਂ ਲਈ ਲਾਹੇਵੰਦ ਭਾਅ, ਸਭ ਲਈ ਵਿਦਿਆ ਤੇ ਸਭ ਲਈ ਰੁਜ਼ਗ ਰ, ਸਨਅਤੀ ਅਦਾਰਿਆਂ ਦੀ ਬੰਦੀ ਵਿਰੁੱਧ ਅਤੇ ਟਰੇਡ ਯੂਨੀਅਨ ਅਧਿਕਾਰਾਂ ਦੀ ਰਾਖੀ, ਇਸਤਰੀਆਂ ਬਰਾਬਰ ਦੇ ਅਧਿਕਾਰ, ਖੇਤ ਮਜ਼ਦੂਰਾਂ ਵਾਸਤੇ ਸਰਵਪੱਖੀ ਕੇਂਦਰੀ ਕਾਨੂੰਨ, ਗੈਰ-ਜਥੇਬੰਦ ਮਜ਼ਦੂਰਾਂ ਵ ਸਤੇ ਘਟੋ ਘਟ ਉਜਰਤ, ਜ਼ਮੀਨ ਸੁਧਾਰ, ਕੇਂਦਰ ਰਾਜ ਸਬੰਧਾਂ ਦਾ ਪੁਨਰਗਠਨ ਅਤੇ ਚੋਣ ਸੁਧਾਰ, ਰਾਸ਼ਟਰੀ ਏਕਤਾ ਲਈ ਅਤੇ ਫਿਰਕਾਪ੍ਰਸਤੀ ਤੇ ਵੱਖਵਾਦ ਵਿਰੁੱਧ ਅਤੇ ਉਪਰਲੇ ਸਰਕਾਰੀ ਹਲਕਿਆਂ ਵਿਚ ਕੁਰਪਸ਼ਨ ਵਿਰੁੱਧ ਲੜਾਈ ਆਦਿ।

"ਮੀਟਿੰਗ ਨੇ ਇਹਨਾਂ ਮੁਦਿਆਂ ਤੇ ਕਰੋੜਾਂ ਲੋਕਾਂ ਦੀ ਸ਼ਮੂਲੀਅਤ ਕਰਵਾਉਣ ਲਈ ਦੇਸ ਵਿਆਪੀ ਮੁਹਿੰਮ ਚਲਾਉਣ ਦਾ ਫੈਸਲਾ ਕੀਤਾ ਜਿਸ ਦਾ ਸਿਖਰ 9 ਦਸੰਬਰ 1987 ਨੂੰ ਪਾਰਲੀਮੈਂਟ ਅਗੇ ਵਿਸ਼ਾਲ ਜਨਤਕ ਮੁਜ਼ਾਹਰਾ ਹੋਵੇਗਾ। ਇਹਨਾਂ ਮੁਦਿਆਂ ਤੇ ਮੁਹਿੰਮ ਨੂੰ ਰਾਜੀਵ ਗਾਂਧੀ ਦੇ ਅਸਤੀਫੇ ਅਤੇ ਤਾਜ਼ਾ ਚੋਣਾਂ ਨਾਲ ਜੋੜਨਾ ਹੋਵੇਗਾ। ਇਹ ਮੁਹਿੰਮ ਏਨੀ ਪ੍ਰਭਾਵਸ਼ਾਲੀ ਬਣਾਉਣੀ ਹੋਵੇਗੀ ਕਿ ਮਿਹਨਤਕਸ਼ ਜਨਸਮੂਹਾਂ ਦੀ ਏਕਤਾ ਫ੍ਰਿਕਾਪ੍ਰਸਤ ਤੇ ਦੂਸਰੀਆਂ ਵੰਡਵਾਦੀ ਸ਼ਕਤੀਆਂ ਦੇ ਵਿਰੁੱਧ ਮਜ਼ਬੂਤ ਹੋ ਜਾਵੇ। ਇਹ ਮੁਹਿੰਮ ਦੇਸ਼ ਵਿਚ ਨਵੀਂ ਜਾਗਰਤੀ ਲਿਆਉਣ ਲਈ ਅਤੇ ਸਜੀਆਂ ਸ਼ਕਤੀਆਂ ਦੀ ਚਾਲ ਨੂੰ ਫੇਲ ਕਰਨ ਲਈ ਵਰਤਣੀ ਹੋਵੇਗੀ ਜਿਹੜੀਆਂ ਕਿ ਖੱਬੀ ਧਿਰ ਨੂੰ ਨਿਖੇੜਨ ਵਾਸਤੇ ਅ[illegible] ਦਾ ਜ਼ੋਰ ਲਾ ਰਹੀਆਂ ਹਨ। ਇਸ ਮੁਹਿੰਮ ਦੀ ਸਫਲਤਾ ਜਨਸਮੂਹਾਂ ਦੇ ਹਿਤਾਂ ਦੀ ਰਾਖੀ ਵਿਚ ਸੰਘਰਸ਼ ਵਿਚ ਖੱਬੀਆਂ ਤੇ ਧਰਮ-ਨਿਰਪੱਖ ਸ਼ਕਤੀਆਂ ਦੀ ਏਕਤਾ ਨੂੰ ਉਸਾਰਨ ਵਿਚ ਸਹਾਈ ਹੋਵੇਗੀ। ਇਹ ਸ਼ਕਤੀਆਂ ਦੀ ਪਾਲਬੰਦੀ ਵਿਚ ਤਬਦੀਲੀ ਲਿਆਉਣ ਵਿਚ ਸਹਾਈ ਹੋਵੇਗੀ ਜਿਸ ਰਾਹੀਂ ਖੱਬੀ ਧਿਰ ਰਾਜਨੀਤਕ ਘਟਨਾਵਾਂ ਨੂੰ ਹਾਂਪੱਖੀ ਮੋੜਾ ਦੇਣ ਵਿਚ ਮਹਤਵਪੂਰਨ ਭੂਮਿਕਾ ਨਿਭਾਅ ਸਕਣ ਦੇ ਯੋਗ ਹੋਵੇਗੀ ਮੀਟਿੰਗ ਫੈਸਲਾ ਕਰਦੀ ਹੈ ਕਿ ਇਥੇ ਮੌਜੂਦ ਸਾਰੀਆਂ ਜਨਤਕ ਜਥੇਬੰਦੀਆਂ ਇਸ ਮੁਹਿੰਮ ਨੂੰ ਸਫਲ ਬਨਾਉਣ ਲਈ ਆਪਣੀ ਪੂਰੀ ਵਾਹ ਲਾ ਦੇਣ।

"ਮੀਟਿੰਗ ਨੇ ਪਾਰਲੀਮੈਂਟ ਅਗੇ ਇਸ ਵਿਸ਼ਾਲ ਜਨਤਕ ਮੁਜ਼ਾਹਰੇ ਨੂੰ ਸ਼ਾਨ-ਦਾਰ ਰੂਪ ਵਿਚ ਸਫਲ ਬਨਾਉਣ ਵਾਸਤੇ ਹੋਰ ਇਹ ਫੈਸਲੇ ਲਏ ਹਨ :

1. 48 ਮੈਂਬਰਾਂ ਤੇ ਅਧਾਰਤ ਕਮੇਟੀ. ਜਿਸ ਵਿਚ ਹਰ ਜਨਤਕ ਜਥੇਬੰਦੀ ਵਿਚੋਂ ਦੋ ਦੋ ਪ੍ਰਤੀਨਿਧ ਲਏ ਜਾਣ, ਕੇਂਦਰੀ ਮੁਹਿੰਮ ਕਮੇਟੀ ਵਜੋਂ ਗਠਤ ਕੀਤੀ ਜਾਵੇ। ਅਜਿਹੀਆਂ ਹੀ ਕਮੇਟੀਆਂ ਫੌਰੀ ਤੌਰ ਤੇ ਰਾਜ ਤੇ ਜ਼ਿਲਾ ਪੱਧਰਾ ਤੇ ਕਾਇਮ ਕੀਤੀਆਂ ਜਾਣ,

2. ਕਮੇਟੀ ਨੇ ਅੱਠ ਮੈਂਬਰੀ ਸਕੱਤਰੇਤ ਚੁਣਿਆ ਹੈ ਜਿਸ ਦੇ ਸਰਬ ਸਾਥੀ ਹਰਕਿਸ਼ਨ ਸਿੰਘ ਸਰਜੀਤ ਅਤੇ ਹੋਮਦਾਜੀ ਕੋ ਕਨਵੀਨਰ ਹੋਣਗੇ।

3. ਮੀਟਿੰਗ ਨੇ ਦੇਸ ਵਿਚ ਪੰਜ ਥਾਵਾਂ ਤੋਂ ਜਿਵੇਂ ਕਿ ਕਲਕਤਾ, ਤ੍ਰੀਵੇਂਦਰਮ, ਮਦਰਾਸ, ਬੰਬਈ ਅਤੇ ਅੰਮ੍ਰਿਤਸਰ (ਪਿਛੋਂ ਸਕੱਤਰੇਤ ਨੇ ਤੇਰਾਂ ਦੀ ਮੀਟਿੰਗ ਵਿਚ ਹੁਸੈਨੀਵਾਲਾ ਵੀ ਸ਼ਾਮਲ ਕਰ ਲਿਆ) ਤੋਂ ਪੰਜ ਮਜ਼ਦੂਰ ਕਿਸਾਨ ਜਥੇ ਤੋਰਨ ਦਾ ਵੀ ਫੈਸਲਾ ਕੀਤਾ। ਇਹ ਭਿੰਨ ਰਾਜਾਂ ਵਿਚੋਂ ਹੁੰਦੇ ਹੋਏ ਦਿੱਲੀ ਪਹੁੰਚਣਗੇ ਅਤੇ ਰਸਤੇ ਵਿਚ ਮਿਹਨਤਕਸ਼ ਲੋਕਾਂ ਦੇ ਭਿੰਨ ਭਾਗਾਂ ਨੂੰ ਇਹਨਾਂ ਦੇ ਸਵਾਗਤ ਤੇ ਪਬਲਿਕ ਮੀਟਿੰਗਾਂ ਵਾਸਤੇ ਲਾਮਬੰਦ ਕੀਤਾ ਜਾਵੇਗਾ। ਇਹ ਪ੍ਰੋਗਰਾਮ ਮਹੀਨਾ ਭਰ ਚਲੇਗਾ। ਭਿੰਨ ਭਿੰਨ ਜਥਿਆਂ ਦੇ ਤੁਰਨ ਦੀ ਮਿਤੀ ਰਾਜ ਕਮੇਟੀਆਂ ਦੀ ਸਲਾਹ ਨਾਲ ਫਾਸਲੇ ਨੂੰ ਮੁੱਖ ਰਖਦਿਆਂ ਤਹਿ ਕੀਤੀ ਜਾਵੇਗੀ। (ਇਹ ਤੇਰਾਂ ਦੀ ਮੀਟਿੰਗ ਨੇ ਤਹਿ ਕਰ ਦਿਤੀਆਂ ਹਨ)। ਰਸਤੇ ਵਿਚ ਮਹੱਤਵਪੂਰਨ ਕੇਂਦਰਾਂ ਤੇ ਜਥਿਆਂ ਦੇ ਸਵਾਗਤ ਵਾਸਤੇ ਅਤੇ ਮੰਗਾਂ ਨੂੰ ਲੋਕਾਂ ਵਿਚ ਪ੍ਰਚਾਰਨ ਵਾਸਤੇ ਮਜ਼ਦੂਰ ਜਮਾਤ ਦੀਆਂ ਰੈਲੀਆਂ ਕੀਤੀਆਂ ਜਾਣਗੀਆਂ।

"ਕਮੇਟੀ ਨੇ ਮੰਗਾਂ ਨੂੰ ਲੋਕਾ ਵਿਚ ਪ੍ਰਚਾਰਨ ਵਾਸਤੇ ਇਸ਼ਤਿਹਾਰ ਤੇ ਲੋੜੀਂਦੀ ਲਿਖਤ ਸਮਗਰੀ ਛਾਪਣ ਦਾ ਵੀ ਫੈਸਲਾ ਕੀਤਾ। ਕਮੇਟੀ ਨੇ ਇਸ ਮਾਰਚ ਨੂੰ ਰਾਜਧਾਨੀ ਵਿਚ ਮਜ਼ਦੂਰਾਂ, ਕਿਸਾਨਾਂ, ਖੇਤ ਮਜ਼ਦੂਰਾਂ, ਇਸਤਰੀਆਂ, ਨੌਜਵਾਨ ਅਤੇ ਵਿਦਿਆਰਥੀਆਂ ਦੀ ਸਭ ਤੋਂ ਵਡੀ ਲਾਮਬੰਦੀ ਬਨਾਉਣ ਦਾ ਫੈਸਲਾ ਕੀਤਾ ਹੈ।"

---

ਸਫ਼ਾ 23 ਦੀ ਬਾਕੀ

......ਅਸੀਂ ਵੰਡੇ ਨਹੀਂ ਜਾਣਾ...... ਸ਼ਹੀਦਾਂ ਦਾ ਖੂਨ ਅਜਾਂਈ ਨਹੀਂ ਗੁਆਉਣਾ......ਆਪਾਂ ਇਕ ਰਹਿਣਾ...ਇਕ ......ਬਲਦੇਵ ਤੋਂ ਬਾਅਦ ਮਨੁਖਤਾ ਲਈ ਸਾਨੂੰ ਮਰਨਾ ਪਿਆ ਤਾਂ ਅਸੀਂ ਵੀ ਮਰਾਂਗੇ......'

ਬੱਸ ਨੂੰ ਜੋਰ ਦੀ ਝਟਕਾ ਲਗਿਆ। ਸਵਾਰੀਆਂ ਇਕ ਪਾਸੇ ਤੋਂ ਦੂਜੇ ਪਾਸੇ ਵਲ ਉਲਰ ਗਈਆਂ। ਪੁੰਨੀ ਦਾ ਪੇਕਾ ਪਿੰਡ ਆ ਗਿਆ ਸੀ। ਉਹ ਆਪਣੀ ਸਾਰੀ ਸੱਤਿਆ ਇਕੱਠੀ ਕਰਕੇ ਉੱਠੀ ਅਤੇ ਦੇਸ਼ ਭਗਤ ਬਾਬੇ ਪ੍ਰਤਾਪੇ ਦੇ ਬੋਲਾਂ ਤੋਂ ਪ੍ਰਭਾਵਤ ਦ੍ਰਿੜ ਇਰਾਦੇ ਨਾਲ ਲੰਬੇ ਕਦਮੀਂ ਆਪਣੇ ਬਾਪੂ ਦੇ ਘਰ ਵਲ ਨੂੰ ਤੁਰ ਪਈ


# TOOR SPICES

**6669 FRASER ST., VANCOUVER, B.C.**

**PH. 324-3432**

**ਵਿਆਹ ਸ਼ਾਦੀ, ਅਖੰਡ ਪਾਠਾਂ ਆਦਿ ਲਈ ਗਰੌਸਰੀ ਖਰੀਦਣ ਤੇ ਸਪੈਸ਼ਲ ਡਿਸਕਾਉਂਟ ਹੋਵੇਗਾ**

# SINGH FOODS

**6684 MAIN ST., (AT 51st. AVE.) VANCOUVER, B.C.**

**PH. 327-4911**

# ਸਾਰੇ ਵੈਨਕੂਵਰ ਵਿਚ ਪਰਿਵਾਰਾਂ ਲਈ ਸੁਈਟਾਂ ਦੀ ਸਿਫਾਰਸ਼

ਗੁਰਨਾਮ ਸਿੰਘ ਸੰਘੇੜਾ

**ਪਿਛੋਕੜ :— ਮੰਤਵ** — ਵੈਨਕੂਵਰ ਵਿਚ ਸੈਕੰਡਰੀ ਤੇ ਬੇਸਮੈਂਟ ਸੁਈਟਾਂ ਬਾਰੇ ਪਿਛਲੇ ਇਕ ਸਾਲ ਤੋਂ ਕਾਫੀ ਰੌਲਾ ਪੈ ਰਿਹਾ ਹੈ ਜਿਸ ਵਿਚ ਮੁੱਠੀਭਰ ਨਸਲਵਾਦੀ ਘਰਾਂ ਦੇ ਵੱਡੇ ਸਾਈਜ਼ ਤੋਂ ਲੈ ਕੇ ਪਰਿਵਾਰਾਂ ਦੇ ਰਹਿਣ ਤੱਕ ਸਿਟੀ ਕੌਂਸਲ ਪਾਸ ਸ਼ਿਕਾਇਤਾਂ ਕਰ ਰਹੇ ਹਨ। ਜੁਆਇਸ ਏਰੀਏ ਵਿਚ ਇਸ ਸੰਬੰਧੀ ਪਾਈਲਟ ਸਰਵੇ ਤੇ ਕਮੇਟੀ ਬਣੀ। ਇਸ ਮਸਲੇ ਨੂੰ ਸ਼ਹਿਰੀ ਕੌਂਸਲ ਦੀ ਆਪਣੀ ਸਿਆਸਤ ਨੇ ਹੋਰ ਗੰਧਲਾ ਕੀਤਾ। ਇਥੋਂ ਤੱਕ ਕਿ ਪਰਿਵਾਰਾਂ ਦੇ ਇਕੱਠੇ ਰਹਿਣ ਤੇ ਸੱਟ ਵੱਜਣ ਵਾਲੀ ਹੋ ਗਈ। ਕਿਉਂਕਿ ਵੈਨਕੂਵਰ ਵਿਚ ਮਾਂ-ਬਾਪ, ਬੱਚਿਆਂ ਤੇ ਸੌਹਰੇ ਸੱਸ ਲਈ ਜੁਦੇ ਸੁਈਟ ਗੈਰ ਕਾਨੂੰਨੀ ਹੈ — ਉਸ ਦੀ ਮਨਜ਼ੂਰੀ ਜ਼ਰੂਰੀ ਹੈ ਤੇ ਇਸ ਤਰ੍ਹਾਂ ਦੇ ਮਨਜ਼ੂਰਸ਼ੁਦਾ ਕੋਈ ਤਿੰਨ ਸੌ ਸੁਈਟ ਦੱਸੇ ਜਾਂਦੇ ਹਨ। ਬਾਕੀ ਦੇ ਕੋਈ ਤੀਹ ਹਜ਼ਾਰ ਸੁਈਟਾਂ ਜਿਹਨਾਂ ਦੀ ਲੋਕਾਂ ਨੂੰ ਅਤਿ ਲੋੜ ਹੈ, ਨੂੰ ਗੈਰ-ਕਾਨੂੰਨੀ ਦੱਸਿਆ ਜਾਂਦਾ ਹੈ। ਸਿਟੀ ਵਲੋਂ ਇਹਨਾਂ ਸੁਈਟਾਂ ਨੂੰ ਬੰਦ ਕਰਾਉਣ ਦੇ ਨਾਮ ਉਪਰ ਅੱਠ ਨੁਕਾਤੀ ਪਰੋਗਰਾਮ ਘੜਿਆ ਗਿਆ। ਸੋ ਇਸ ਸਮੇਂ ਈਸਟ ਵਰਕਰਜ਼ ਐਸੋ: ਨੇ ਹੋਰ ਲੋਕਾਂ ਤੇ ਇਟਾਲੀਅਨ, ਪੁਰਤਗਾਲੀ, ਚੀਨਿਆਂ, ਵਿਦਿਆਰਥੀਆਂ, ਕਿਰਾਏਦਾਰ ਐਸੋਸੀਏਸ਼ਨ ਸਨ ਸੈਟ ਦੀ ਭਾਰਤੀ ਬਜ਼ੁਰਗਾਂ ਦੀ ਸਭ ਤੋਂ ਵੱਡੀ ਜਥੇਬੰਦੀ ਆਦਿ ਨੂੰ ਨਾਲ ਲੈ ਕੇ ਵੱਡੇ ਤੇ ਸਫਲ ਪਬਲਿਕ ਜਲਸੇ ਕੀਤੇ। ਅਤੇ ਵਰਕਰਜ਼ ਐਸੋ: ਨੇ ਕੌਂਸਲ ਨੂੰ ਲਗਾਤਾਰ ਲੌਬੀ ਕੀਤਾ ਤੇ ਸਾਰੀ ਸਮੱਸਿਆ ਸਮਝਾਈ। ਜੁਆਇਸ ਪਾਈਲਟ ਸਕੀਮ ਵਿਚ ਭੀ ਅਸੀਂ ਹਿੱਸਾ ਲਿਆ ਤੇ ਆਪਣੇ ਪੱਖ ਤੇ ਖੜੇ ਰਹਿ ਕੇ ਉਸ ਨੂੰ ਭੀ ਪਰਿਵਾਰਕ ਸੁਈਟਾਂ ਲਈ ਮੰਨਣ ਅਤੇ ਕਿਰਾਏ ਲਈ ਸੁਈਟਾਂ ਵਾਰੇ ਲੋਕ ਰਾਏ ਸਰਵੇ ਲਈ ਮਜ਼ਬੂਰ ਕੀਤਾ। ਸੋ ਉਸ ਕਮੇਟੀ ਨੇ ਬੁਨਿਆਦੀ ਤੌਰ ਤੇ ਬੇਸਮੈਂਟ ਸੁਈਟਾਂ ਤਾਂ ਮੰਨ ਲਈਆਂ ਅਤੇ ਸਰਵੇ ਵਿਚ ਜੁਆਇਸ ਏਰੀਏ ਦੇ ਲੋਕਾਂ ਨੇ ਬਹੁ-ਸੰਮਤੀ ਵਿਚ ਕਿਰਾਏ ਲਈ ਸੁਈਟਾਂ ਦੇ ਹੱਕ ਵਿਚ ਫਤਵਾ ਦਿੱਤਾ। ਹੁਣ ਉਸ ਇਲਾਕੇ ਵਿਚ ਪਬਲਿਕ ਸੁਣਵਾਈ ਹੋ ਕੇ ਕਿਰਾਏ ਲਈ ਸੁਈਟਾਂ ਵਾਰੇ ਗੱਲ ਹੋਵੇਗੀ।

**ਹਾਊਜ਼ਿੰਗ ਕਮੇਟੀ ਅਤੇ ਸਿਟੀ ਸਿਫਾਰਸ਼ :—** ਪਰਿਵਾਰਾਂ ਲਈ ਬੇਸਮੈਂਟ ਸੁਈਟਾਂ ਦੇ ਕਈ ਪੱਖਾਂ ਤੇ ਮਾਸਿਕ 'ਲੋਕਤਾ' ਅਤੇ ਹਫਤਾਵਾਰ 'ਕੈਨੇਡਾ ਦਰਪਣ' ਵਿਚ ਮੇਰੇ ਲੇਖ ਤੇ ਜਾਣਕਾਰੀ ਆ ਚੁੱਕੀ ਹੈ। ਹੁਣ ਜੋ ਪਹਿਲੀ ਅਕਤੂਬਰ 1987 ਨੂੰ ਸਿਟੀ ਕੌਂਸਲ ਦੀ ਹਾਊਜ਼ਿੰਗ ਕਮੇਟੀ ਵਿਚ ਸਿਟੀ ਦੇ ਸਾਰੇ ਉਚ ਅਧਿਕਾਰੀਆਂ (ਮੈਨੇਜਰ, ਕਾਨੂੰਨੀ ਮਹਿਕਮਾ, ਪਰਮਿਟਾਂ ਤੇ ਲਾਸੰਸ, ਪਲੈਨਿੰਗ ਆਦਿ) ਨੇ ਪਰਿਵਾਰਾਂ ਲਈ ਸੁਈਟਾਂ ਦੀ ਮਨਜ਼ੂਰੀ ਦੇਣ ਦੀ ਸਿਫਾਰਸ਼ ਕੀਤੀ ਹੈ ਜਿਸ ਨੂੰ ਹਾਊਜ਼ਿੰਗ ਕਮੇਟੀ ਨੇ ਮਨਜ਼ੂਰ ਕਰਨ ਵਲ ਕਦਮ ਚੁਕਿਆ ਹੈ ਕਿ ਜੇਕਰ ਸ਼ਹਿਰ ਦੇ ਚਾਰਟਰ ਦੇ ਅਧੀਨ ਇਹ ਹੋ ਸਕਦੇ ਹਨ ਤੇ ਮਨਜ਼ੂਰ ਕੀਤੇ ਜਾਣ ਲਈ ਪੂਰੀ ਕੌਂਸਲ ਵਿਚ ਗੱਲ ਜਾਵੇਗੀ। ਹੁਣ ਸ਼ਹਿਰ ਅਧਿਕਾਰੀ ਸਾਰੀ ਕੌਂਸਲ ਨੂੰ ਸ਼ਹਿਰ ਦੇ ਚਾਰਟਰ ਬਾਰੇ ਵਿਸਥਾਰ ਨਾਲ ਇਕ ਸੈਮੀਨਾਰ ਵਿਚ ਦਸਣਗੇ ਅਤੇ ਫਿਰ ਇਹ ਗੱਲ ਪੂਰੀ ਕੌਂਸਲ ਵਿਚ ਜਾਵੇਗੀ। ਇਸ ਵਿਚਕਾਰਲੇ ਪੜਾਅ ਦੀ ਇਸ ਕਰਕੇ ਲੋੜ ਪਈ ਕਿ ਨੌਰਥ ਵੈਨਕੂਵਰ ਡਿਸਟਰੈਕਟ ਨੇ ਪਰਿਵਾਰਾਂ ਲਈ ਸੁਈਟਾਂ ਕਾਨੂੰਨੀ ਕਰ ਦਿੱਤੀਆਂ ਪਰ ਬੀ ਸੀ ਦੀ ਸੁਪਰੀਮ ਕੋਰਟ ਨੇ ਇਹ ਆਖ ਕੇ ਰੱਦ ਕਰ ਦਿੱਤਾ ਕਿ ਨਾਗਰਿਕਾਂ ਵਿਚ ਰਿਸ਼ਤਿਆਂ ਦੇ ਨਾਮ ਉਪਰ ਵਿਤਕਰਾ ਨਹੀਂ ਕੀਤਾ ਜਾ ਸਕਦਾ। ਵੈਨਕੂਵਰ ਦੇ ਅਧਿਕਾਰੀ ਇਹ ਆਖਦੇ ਹਨ ਕਿ ਨੌਰਥ ਵੈਨਕੂਵਰ ਡਿਸਟਰਿਕਟ ਵਿਚ ਇਸ ਕਰਕੇ ਰੱਦ ਹੋ ਗਈਆਂ ਕਿਉਂਕਿ ਉਸ ਪਾਸ ਵੈਨਕੂਵਰ ਸ਼ਹਿਰ ਵਰਗਾ ਚਾਰਟਰ ਨਹੀਂ ਹੈ ਜਦੋਂ ਕਿ ਵੈਨਕੂਵਰ ਪਾਸ ਜੋ ਹੱਕ ਹਨ ਉਸ ਅਧੀਨ ਪਰਿਵਾਰ ਲਈ ਸੁਈਟਾਂ ਕਾਨੂੰਨੀ ਕਰ ਸਕਦੇ ਹਨ।

ਵੈਨਕੂਵਰ ਵਿਚ ਪਰਿਵਾਰਕ ਸੁਈਟਾਂ ਦੀ ਇਹ ਰੀਪੋਰਟ "ਪਰਿਵਾਰ" ਦੀ ਪਰਿਭਾਸ਼ਾ (ਡੈਫੀਨੇਸ਼ਨ) ਦਸਦੀ ਹੈ ਜਿਸ ਵਿਚ ਅਜੋਕੇ ਹਾਲਾਤ ਨੂੰ ਮੱਦੇ ਨਜ਼ਰ ਰੱਖ ਕੇ ਸਿਫਾਰਸ਼ ਕਰਨ ਦੀ ਦਲੀਲ ਦਿੱਤੀ ਗਈ ਹੈ। ਫਿਰ ਇਸ ਰੀਪੋਰਟ ਵਿਚ ਇਹ ਕਿ ਜਦ ਪਰਿਵਾਰਿਕ ਸੁਈਟਾਂ ਨੂੰ ਕਾਨੂੰਨੀ ਕਰਨਾ ਹੈ ਤਾਂ ਫਿਰ ਉਹ ਕਿਰਾਏ ਤੇ ਨਹੀਂ ਦਿੱਤੀਆਂ ਜਾ ਸਕਦੀਆਂ ਅਤੇ ਕਿਰਾਏ ਤੇ ਦੇਣ ਤੋਂ ਰੋਕਣ ਲਈ ਕੁਝ ਸ਼ਰਤਾਂ ਹਨ। ਇਸ ਰੀਪੋਰਟ ਉਪਰ ਅਤੇ ਜੁਆਇਸ ਏਰੀਏ ਦੀ ਰੀਪੋਰਟ ਸੰਬੰਧੀ ਰਾਏ ਦੇਣ ਤੇ ਟਿਪਣੀ ਕਰਨ ਲਈ ਮੈਂ ਈਸਟ ਇੰਡੀਅਨ ਵਰਕਰਜ਼ ਐਸੋ: ਵਲੋਂ ਗਿਆ ਅਤੇ ਕਿਰਾਏਦਾਰ ਐਸੋ: ਤੇ ਦੋ ਹੋਰ ਗੋਰਿਆਂ ਦੀਆਂ ਜਥੇਬੰਦੀਆਂ ਵਲੋਂ ਗਏ ਹੋਏ ਸਨ। ਮੈਂ ਹਾਊਜ਼ਿੰਗ ਕਮੇਟੀ ਤੇ ਸ਼ਹਿਰੀ ਅਧਿਕਾਰੀਆਂ ਦੀ ਇਸ ਮੀਟਿੰਗ ਵਿਚ ਰੀਪੋਰਟ ਸੰਬੰਧੀ ਜੋ ਟਿਪਣੀ ਕੀਤੀ, ਹੋਰ ਸਫਾਈ ਮੰਗੀ ਅਤੇ ਜੋ ਦਲੀਲ ਦਿੱਤੀ ਉਹ ਅੱਗੇ ਜਾ ਕੇ ਲਿਖਦਾ ਹਾਂ। ਪਹਿਲਾਂ


Garrison Beatty & Godoy Insurance

GENl Agencies Ltd.

ਕਾਰਾਂ, ਵੈਨਾਂ, ਟਰੱਕਾਂ
ਜਾਂ ਹੋਰ ਹਰ ਤਰ੍ਹਾਂ ਦੀ ਇਨਸ਼ੋਰੈਂਸ
ਕਰਾਉਣ ਲਈ ਸਾਡੇ ਪਾਸ ਦਰਸ਼ਨ ਦਿਓ

6435 - Victoria Dr., Vancouver, B.C. V5P 3X5

Ph. 321-6557



BALDEV SANGRA

ਪਰਿਵਾਰ ਪਰਿਭਾਸ਼ਾ ਅਤੇ ਪਰਿਵਾਰਕ ਸੁਈਟਾਂ ਨੂੰ ਲਾਗੂ ਕਰਨ ਲਈ ਨਿਯਮਾਂ (ਜੋ ਇਸ ਰੀਪੋਰਟ ਵਿਚ ਹਨ) ਵਾਰੇ ਸੰਖੇਪ ਵਿਚ ਦੱਸਦਾ ਹਾਂ।

**ਵਿਆਖਿਆ ਤੇ ਮੰਤਵ** :— ਸ਼ਹਿਰ ਅਧਿਕਾਰੀਆਂ ਨੇ ਪਰਿਵਾਰਾਂ ਲਈ ਬੇਸਮੈਂਟ ਜਾਂ ਸੈਕੰਡਰੀ ਸੁਈਟਾਂ ਸਾਰੇ ਸ਼ਹਿਰ ਵਿਚ ਕਾਨੂੰਨੀ ਕਰਨ ਲਈ ਸਿਫਾਰਸ਼ ਕੀਤੀ ਹੈ ਜਿਸ ਨਾਲ ਹਾਊਸਿੰਗ ਕਮੇਟੀ (ਕੌਂਸਲ ਦੀ) ਸਹਿਮਤ ਹੈ। ਸਹਿਰ ਦੇ ਲੀਗਲ ਸਰਵਸਿਜ਼ ਦੇ ਡਾਇਰੈਕਟਰ ਨੇ ਆਖਿਆ ਹੈ ਕਿ ਜੇਕਰ ਇਕ ਪਰਿਵਾਰ ਵਾਲੇ ਜ਼ੋਨ ਦੀ ਸੂਚੀ ਨੂੰ ਸੋਧ ਕੇ ਪਰਿਵਾਰ ਲਈ ਸੁਈਟਾਂ ਨੂੰ ਕਾਨੂੰਨੀ ਕਰਨਾ ਹੈ ਤਾਂ ਸਿਟੀ ਦੇ ਚਾਰਟਰ ਨੂੰ ਭੀ ਸੋਧਿਆ ਜਾਵੇ ਤਾਂ ਕਿ ਉਹ ਕਾਨੂੰਨੀ ਹੋ ਸਕਣ ਅਤੇ ਫਿਰ ਉਹਨਾਂ ਦੀ ਗੈਰ-ਕਾਨੂੰਨੀ ਵਰਤੋਂ ਨੂੰ ਰੋਕਿਆ ਜਾ ਸਕੇ। ਉਸ ਨੇ ਇਹ ਭੀ ਸਿਫਾਰਸ਼ ਕੀਤੀ ਹੈ ਕਿ ਜੇਕਰ ਪਰਿਵਾਰ ਸੁਈਟ ਦੀ ਇਜਾਜ਼ਤ ਦਿੰਦੇ ਹਾਂ ਤਾਂ ਇਹ ਬੰਦਸ਼ ਲਾਈ ਜਾਵੇ ਕਿ ਘਰ ਨੂੰ ਦੋ ਹਿੱਸਿਆਂ ਵਿਚ ਵੰਡ ਕੇ ਭਾਵ ਸਟਰੈਟਾ ਟਾਈਟਲ ਕਰ ਕੇ ਦੋ ਜੁਦੇ ਜੁਦੇ ਬੰਦਿਆਂ ਨੂੰ ਨਾ ਵੇਚ ਸਕਣ ਅਤੇ ਨਾ ਕਿਰਾਏ ਤੇ ਚੜ੍ਹਾ ਸਕਣ। ਉਸ ਨੇ ਦੱਸਿਆ ਹੈ ਕਿ ਪੁਰਾਣੇ ਘਰਾਂ ਨੂੰ ਰੋਕਣ ਦਾ ਹੱਕ ਸ਼ਹਿਰ ਪਾਸ ਹੈ ਪਰ ਜੇ ਨਵੇਂ ਬਣਨ ਵਾਲੇ ਘਰਾਂ ਵਿਚ ਪਰਿਵਾਰ ਸੁਈਟ ਦੀ ਖੁੱਲ੍ਹ ਦਿੱਤੀ ਤਾਂ ਨਵੇਂ ਬਣ ਰਹੇ ਘਰ ਨੂੰ ਸਟਰੈਟਾ ਟਾਈਟਲ ਕਰਨ ਤੋਂ ਸ਼ਾਇਦ ਸ਼ਹਿਰ ਅਸਮਰਥ ਹੋਵੇ ਜਿਸ ਲਈ ਸੂਬਾਈ ਕੰਡੋਮੀਨੀਅਮ ਅਂਕਟ ਵਿਚ ਅਤੇ ਸਿਟੀ ਦੇ ਚਾਰਟਰ ਵਿਚ ਸੋਧਾਂ ਕਰਕੇ ਨਵੇਂ ਘਰ ਵਿਚ (ਪਰਿਵਾਰ ਸੁਈਟ ਲਈ ਇਜਾਜ਼ਤ ਵਾਲੇ ਵਿਚ) ਸੁਈਟ ਬਣਾ ਕੇ ਸਟਰੈਟਾ ਟਾਈਟਲ ਕਰਨ ਤੋਂ ਰੋਕਿਆ ਜਾਵੇਗਾ।

**ਵਿਆਖਿਆ** — ਪਰਿਵਾਰ ਦੀ ਪਰਿਭਾਸ਼ਾ ਵਿਚ ਬਦਲੀ ਕੀਤੀ ਹੈ। ਆਖਿਆ ਗਿਆ ਹੈ ਕਿ ਇਹ ਵਿਆਖਿਆ ਪੁਰਾਣੀ ਹੈ ਅਤੇ ਹੁਣ ਕਈ ਜੋੜੇ ਤਾਂ ਬਿਨਾਂ ਕਾਨੂੰਨੀ ਵਿਆਹ ਤੋਂ ਇਕੱਠੇ ਰਹਿੰਦੇ ਹਨ ਅਤੇ ਕਈ ਜੋੜੇ ਇਕੋ ਲਿੰਗ ਦੇ ਇਕੱਠੇ ਰਹਿੰਦੇ ਹਨ। ਨਾਲ ਹੀ ਹੁਣ ਹੋਰ ਘੱਟ ਗਿਣਤੀ ਤੇ ਬਹੁਸਭਿਆਚਾਰਕ ਲੋਕ ਆਏ ਹਨ ਜਿਹਨਾਂ ਦਾ ਪਰਿਵਾਰ ਦਾ ਰਹਿਣਾ ਤੇ ਸੰਕਲਪ ਵਖਰਾ ਹੈ। ਅਤੇ ਪਹਿਲੀ ਵਿਆਖਿਆ ਵਿਚ ਤਾਂ ਮਤਬੰਨਾ ਬਣਾਇਆ ਬੱਚਾ ਭੀ ਕਾਨੂੰਨੀ ਨਹੀਂ ਸੀ ਸਮਝਿਆ ਜਾਂਦਾ। ਸੋ ਰੀਪੋਰਟ ਆਖਦੀ ਹੈ ਕਿ ਹੁਣ ਨਵੇਂ ਹਾਲਾਤ ਨੂੰ ਸਾਹਮਣੇ ਰੱਖਦੇ ਹੋਏ ਸਮੇਂ ਦੇ ਅਨੁਸਾਰ ਨਵੀਂ ਵਿਆਖਿਆ ਕੀਤੀ ਜਾਵੇ :—

(ੳ) "ਖੂਨ, ਵਿਆਹ ਜਾਂ ਕਾਨੂੰਨੀ ਮਤਬੰਨੇ ਨਾਲ ਦੋ ਜਾਂ ਦੋ ਤੋਂ ਵੱਧ ਵਿਅਕਤੀਆਂ ਦਾ ਆਪਸੀ ਰਿਸ਼ਤਾ ਜਾਂ (ਅ) ਤਿੰਨ ਅਣ-ਸੰਬੰਧਤ ਵਿਅਕਤੀ ਇਸ ਵਿਆਖਿਆ ਦੇ ਮੰਤਵ ਲਈ (1) ਦੋ ਵਿਅਕਤੀ ਜੋ ਬਿਨਾ ਕਾਨੂੰਨੀ ਵਿਆਹ ਤੋਂ (ਕੌਮਨ ਲਾਅ) ਇਕੱਠੇ ਰਹਿੰਦੇ ਹਨ, ਉਹਨਾਂ ਨੂੰ ਵਿਆਹੁਤਾ ਮੰਨਿਆ ਜਾਵੇਗਾ ਅਤੇ (2) ਅਣਵਿਆਹੇ (ਕੌਮਨ ਲਾਅ) ਜੋੜੇ ਦੇ ਖੂਨੀ ਰਿਸ਼ਤੇਦਾਰਾਂ ਨੂੰ ਦੋਹਾਂ ਵਿਅਕਤੀਆਂ ਦੇ ਅਤੇ ਇਕ ਦੂਜੇ ਦੇ ਰਿਸ਼ਤੇਦਾਰ ਸਮਝਿਆ ਜਾਵੇਗਾ ਵੈਸੇ ਅੱਗੇ ਜਾ ਕੇ ਇਸ ਦਾ ਕਾਫੀ ਵਿਸਥਾਰ ਦਿਤਾ ਹੋਇਆ ਹੈ।

ਘਰ ਦੀ ਭੀ ਵਿਆਖਿਆ ਕੀਤੀ ਗਈ ਹੈ ਕਿ ਘਰ ਦੇ ਮਾਲਕ ਉਸ ਉਪਰ ਨਿਰਭਰ ਵਿਅਕਤੀ ਅਤੇ ਦੋ ਲੌਜਰ (ਕਿਰਾਏਦਾਰ — ਪਰ ਜੁਦੇ ਸੁਈਟ ਵਿਚ ਨਹੀਂ — ਸਿਰਫ ਘਰ ਵਾਲੇ ਦੇ ਨਾਲ ਇਕ ਹੀ ਕਿਚਨ ਵਰਤਣ ਲਈ) ਜਾਂ ਪੰਜ ਫੌਸਟ ਬੱਚੇ ਜਾਂ ਡੇਅ ਕੇਅਰ ਬੱਚੇ ਆਦਿ ਜੋ ਪਰਿਵਾਰ ਦੇ ਤੌਰ ਤੇ ਇਕੱਠੇ ਰਹਿੰਦੇ ਹਨ, ਉਹ ਇਕ ਪਰਿਵਾਰ ਦਾ ਇਕ ਰਿਹਾਇਸ਼ੀ ਯੂਨਿਟ ਹੋਵੇਗਾ।

**ਪਰਿਵਾਰ ਸੁਈਟ** — ਰੀਪੋਰਟ ਦਸਦੀ ਹੈ ਕਿ ਸ਼ਹਿਰ ਦੇ ਇਕ ਪਰਿਵਾਰ ਵਾਲੇ ਜ਼ੋਨ ਵਿਚ ਕੋਈ ਪੰਜ ਫੀ ਸਦੀ ਤੋਂ ਪੰਦਰਾਂ ਫੀ ਸਦੀ ਤੱਕ (ਭਾਵ 1300 ਤੋਂ 3900 ਯੂਨਿਟ) ਉਹ ਸੁਈਟਾਂ ਹਨ ਜੋ ਗੈਰ-ਕਾਨੂੰਨੀ ਪਰਿਵਾਰਕ ਸੁਈਟਾਂ ਹਨ। ਦੱਸਿਆ ਗਿਆ ਹੈ ਕਿ ਜ਼ਿਆਦਾ ਸ਼ਿਕਾਇਤਾਂ ਪਰਿਵਾਰ ਵਾਲੀ ਸੁਈਟਾਂ ਲਈ ਨਹੀਂ ਬਲਕਿ ਕਿਰਾਏ ਵਾਲੀਆਂ ਸੁਈਟਾਂ ਵਿਰੁਧ ਆਈਆਂ ਰੀਪੋਰਟਾਂ ਪਰਿਵਾਰਕ ਸੁਈਟਾਂ ਦੇ ਲਾਭ ਭੀ ਦਸਦੀ ਹੈ ਕਿ ਇਹ ਕਿਵੇਂ ਲਾਹੇਵੰਦ ਹੈ। ਸਿਫਾਰਸ਼ਾਂ ਹਨ ਕਿ ਘਰ ਵਿਚ ਇਕ ਪਰਿਵਾਰਕ ਸੁਈਟ ਦੀ ਇਜਾਜ਼ਤ ਹੋਵੇ ਅਤੇ ਜੇ ਘਰ ਵਿਕ ਜਾਏ ਤਾਂ ਨਵਾਂ ਬੰਦਾ ਸਾਬਤ ਕਰੇ ਕਿ ਇਹ ਸਿਰਫ ਪਰਿਵਾਰਕ ਵਿਅਕਤੀਆਂ ਲਈ ਹੈ। ਪਰਿਵਾਰ ਵਾਲੇ ਸੁਈਟ ਸਿਰਫ ਪਰਿਵਾਰ ਦੇ ਮੈਂਬਰਾਂ ਲਈ ਹੋਣਗੇ, ਕਿਰਾਏ ਲਈ ਨਹੀਂ। ਭਾਵ ਇਸ ਵਿਚ ਬਾਬਾ ਦਾਦੀ ਤੋਂ ਲੈ ਕੇ ਪੋਤੇ ਪੋਤਰੀਆਂ ਤੱਕ (ਘਰ ਦੇ ਮਾਲਕ-ਪਤੀ ਤੇ ਪਤਨੀ ਦੋਹਾਂ ਦੇ) ਨੂੰ ਬੇਸਮੈਂਟ ਜਾਂ ਸੈਕੰਡਰੀ ਸੁਈਟ ਵਿਚ ਰਹਿਣ ਦੀ ਕਾਨੂੰਨੀ ਇਜਾਜ਼ਤ ਦੇਣ ਲਈ ਆਖਿਆ ਹੈ (ਭਾਵ ਇਹਨਾਂ ਰਿਸ਼ਤਿਆਂ ਲਈ ਬੇਸਮੈਂਟ ਜਾਂ ਸੈਕੰਡਰੀ ਸੁਈਟ ਸਾਰੇ ਸ਼ਹਿਰ ਵਿਚ ਕਾਨੂੰਨੀ ਕੀਤੇ ਜਾਣ। ਪਰਮਿਟ ਤੇ ਲਾਸੰਸ ਦੇ ਡਾਇਰੈਕਟਰ ਨੇ ਇਹ ਭੀ ਸਿਫਾਰਸ਼ ਕੀਤੀ ਹੈ ਕਿ ਬੇਸਮੈਂਟ ਸੁਈਟ ਵਿਚ ਬੋਰਡਰ ਜਾਂ ਲੌਜਰ (ਭਾਵ ਵਿਦਿਆਰਥੀ, ਕੋਈ ਲੋੜਵੰਦ ਜਾਂ ਹੋਰ) ਨੂੰ ਰਹਿਣ ਦੀ ਇਜਾਜ਼ਤ ਨਹੀਂ ਹੋਵੇਗੀ ਭਾਵੇਂ ਕਿ ਜੇ ਥਾਂ ਹੋਵੇ ਤਾਂ ਮਾਲਕ ਨਾਲ ਕਿਸ ਕਮਰੇ ਵਿਚ, ਉਸ ਦੀ ਕਿਚਨ ਵਰਤ ਕੇ ਰਹਿ ਸਕਦੇ ਹਨ। ਪਰ ਬੇਸਮੈਂਟ ਜਾਂ ਸੈਕੰਡਰੀ ਸੁਈਟ ਪਰਿਵਾਰ ਮੈਂਬਰਾਂ ਲਈ ਹੀ ਹੋਵੇਗੀ। ਘਰ ਵਿਚ ਮੈਡੀਕਲ ਜਾਂ ਬੱਚੇ ਦੀ ਦੇਖ ਭਾਲ ਕਰਨ ਵਾਲੇ ਨੂੰ ਪਰਿਵਾਰ ਸੁਈਟ ਵਿਚ ਰੱਖਿਆ ਜਾ ਸਕਦਾ ਹੈ ਪਰ ਇਸ ਲਈ ਠੋਸ ਸਬੂਤ ਦੇਣਾ ਪਵੇਗਾ ਕਿ ਇਹ ਕਿਸ ਦੀ ਦੇਖ ਭਾਲ ਲਈ ਤੇ ਕੀ ਬੀਮਾਰੀ ਜਾਂ ਬੱਚੇ ਲਈ ਤੇ ਕੀ ਹੋਰ ਕੋਈ ਰਾਹ ਜਾਂ ਬਦਲ ਨਹੀਂ? ਮਾਲਕ ਦੇ ਨਿਰਭਰ ਵਿਅਕਤੀ ਭੀ ਬੇਸਮੈਂਟ ਜਾਂ ਸੈਕੰਡਰੀ ਸੁਈਟ ਵਿਚ ਰਹਿ ਸਕਦੇ ਹਨ ਪਰ ਇਸ ਵਿਚ ਉਹ ਹੀ ਨਿਰਭਰ ਵਿਅਕਤੀ ਗਿਣੇ ਜਾਣਗੇ ਜੋ ਇਨਕਮ ਟੈਕਸ ਐਕਟ


# ਮੇਨ ਸਾੜ੍ਹੀ ਸੈਂਟਰ

ਤੁਹਾਡੇ ਮਨ ਪਸੰਦ ਦੇ ਵਧੀਆ ਸੂਟ, ਸਾੜ੍ਹੀਆਂ, ਦੁਪੱਟੇ ਅਤੇ ਹੋਰ ਅਨੇਕਾਂ ਕਿਸਮਾਂ ਦੇ ਵਧੀਆ, ਹੰਢਣਸਾਰ ਅਤੇ ਦਿਲਖਿਚ ਨਵੇਂ ਨਵੇਂ ਫੈਸ਼ਨਾਂ ਦੇ ਕੱਪੜੇ ਬਹੁਤ ਹੀ ਵਾਜਬ ਰੇਟਾਂ ਉਪਰ ਖਰੀਦਣ ਲਈ ਦਰਸ਼ਨ ਦਿਓ

**ਜਾਪਾਨ ਤੋਂ ਨਵੀਆਂ ਸ਼ਿਪਮੈਂਟਾਂ ਪੁਜ ਗਈਆਂ ਹਨ**

**6665 Main St., (at 51st Ave.) Vancouver, B.C. V5X 3H3**

**Ph. (604) 324-3171**

ਜਾਂ ਇਮੀਗਰੇਸ਼ਨ ਐਕਟ ਅਧੀਨ ਆਉਂਦੇ ਹਨ।

**ਫੈਮਿਲੀ ਸੁਈਟ ਸੰਬੰਧੀ ਨਿਰਮ :—** ਫੈਮਿਲੀ ਸੁਈਟ ਲਾਗੂ ਕਰਨ ਲਈ ਕੁਝ ਨਿਯਮਾਂ ਦਾ ਵੇਰਵਾ ਦਿੱਤਾ ਗਿਆ ਹੈ। ਜਦੋਂ ਇਹਨਾਂ ਸੁਈਟਾਂ ਦੀ ਕੌਂਸਲ ਵਲੋਂ ਕਾਨੂੰਨੀ ਇਜ਼ਾਜਤ ਮਿਲ ਜਾਏ ਤਾਂ (1) ਪਰਿਵਾਰਕ ਸੁਈਟ ਨੂੰ ਚਾਰ ਮਹੀਨੇ ਦੇ ਅੰਦਰ ਰਜਿਸਟਰ ਕਰਾਇਆ ਜਾਵੇ ਅਤੇ ਜੀਵਨ ਲਈ ਸੁਰੱਖਿਅਤ ਨਿਯਮਾਂ ਨੂੰ ਇਕ ਦਮ ਪੂਰਾ ਕੀਤਾ ਜਾਵੇ ਅਤੇ ਬਾਕੀ ਦੇ ਨਿਯਮਾਂ ਦੀ ਇਕ ਸਾਲ ਵਿਚ ਤਾਮੀਲ (ਮੰਨਿਆ) ਜਾਵੇ। (2) ਸੁਈਟ ਲਈ ਪਰਮਿਟ ਤੇ ਲਾਸੰਸ ਨੂੰ ਹਰ ਦੋ ਸਾਲ ਪਿਛੋਂ ਮੁੜ ਲਿਆ ਜਾਵੇ ਅਤੇ ਪਰਿਵਾਰ ਸੁਈਟ ਵਿਚ ਰਹਿਣ ਵਾਲੇ (ਦਾਦੀ ਦਾਦੀ ਤੇ ਪੋਤਾ ਪੋਤੀ) ਤਕ ਦੇ ਰਿਸ਼ਤੇ ਨੂੰ ਸਾਬਤ ਕੀਤਾ ਜਾਵੇ ਅਤੇ ਕੁਝ (ਪੰਜ ਹਜ਼ਾਰ) ਡਾਲਰ ਦਾ ਜ਼ਮਾਨਤੀ ਕਾਗਜ਼ ਹੋਵੇ। (3) ਫਿਰ ਇਜ਼ਾਜਤ ਜਾਂ ਲਾਸੰਸ ਲੈਣ ਦੇ ਤਿੰਨ ਮਹੀਨੇ ਅੰਦਰ ਕਬਜ਼ੇ ਜਾਂ ਰਹਿਣ ਦਾ ਮੁਆਇਨਾ ਅਤੇ ਪਿਛੋਂ ਭੀ ਮੁਆਇਨਾ ਕੀਤਾ ਜਾ ਸਕਦਾ ਹੈ (4) ਜੇ ਕੌਂਸਲ ਵੇਖੇ ਕਿ ਪਰਿਵਾਰ ਸੁਈਟ ਨਾਲ ਆਲੇ ਦੁਆਲੇ ਦਾ ਜੀਵਨ ਭੰਗ ਤੇ ਨੁਕਸਾਨ ਹੁੰਦਾ ਹੈ ਤਾਂ ਲਾਸੰਸ ਵਾਪਸ ਲਿਆ ਜਾ ਸਕਦਾ ਹੈ। (5) ਜੇ ਸਾਬਤ ਹੋ ਜਾਏ ਕਿ ਬੇਸਮੈਂਟ ਜਾਂ ਸੈਕੰਡਰੀ ਸੁਈਟ ਪਰਿਵਾਰ ਲਈ ਨਹੀਂ ਬਲਕਿ ਕਿਰਾਏ ਲਈ ਵਰਤਿਆ ਜਾ ਰਿਹਾ ਹੈ ਤਾਂ ਘੱਟੋ ਘੱਟ ਪੰਜ ਹਜ਼ਾਰ ਡਾਲਰ ਤੇ ਵੱਧੋ ਵੱਧ ਦਸ ਹਜ਼ਾਰ ਡਾਲਰ ਜ਼ੁਰਮਾਨਾ ਹੋ ਸਕਦਾ ਹੈ।

ਇਹਨਾਂ ਪਰਿਵਾਰਕ ਸੁਈਟਾਂ ਦਾ ਕਿਰਾਏ ਲਈ ਸੁਈਟਾਂ ਨਾਲ ਕੋਈ ਸੰਬੰਧ ਨਹੀਂ। ਜੇ ਕਿਸੇ ਇਲਾਕੇ ਨੇ ਘਰਾਂ ਵਿਚ ਕਿਰਾਏ ਲਈ ਸੁਈਟਾਂ ਦੀ ਕਾਨੂੰਨੀ ਇਜ਼ਾਜਤ ਲੈਣੀ ਹੈ ਤਾਂ ਸਿਟੀ ਕੌਂਸਲ ਨੂੰ (ਏਰੀਏ ਦੇ ਦਸਤਖਤ ਕਰਾਕੇ) ਅਰਜ਼ੀ ਦੇਵੇ ਕਿ ਜ਼ੋਨ ਬਦਲੀ ਹੋਵੇ ਤਾਂ ਫਿਰ ਕੌਂਸਲ ਲੋਕ ਸੁਣਵਾਈ ਕਰਾਕੇ ਬਹੁ ਗਿਣਤੀ ਦੀ ਗਲ ਮੰਨੇਗੀ।

**ਸਾਡੀ ਰਾਏ :—** ਸੋ ਅਸੀਂ ਇਸ ਸੰਬੰਧ ਵਿਚ ਜੋ ਘੋਲ ਚਲਾ ਰਹੇ ਹਾਂ ਉਸ ਦਾ ਪਰਿਵਾਰ ਲਈ ਸੁਈਟਾਂ ਦੀ ਕਾਨੂੰਨੀ ਮਨਜ਼ੂਰੀ ਦਾ ਕੰਮ ਨੇੜੇ ਹੋ ਗਿਆ ਜਾਪਦਾ ਹੈ ਪਰ ਅਜੇ ਭੀ ਲਗਾਤਾਰ ਦਬਾਅ ਦੀ ਲੋੜ ਹੈ। ਪਰਿਵਾਰ ਦੀ ਵਿਆਖਿਆ ਹਾਲਾਤ ਦੇ ਅਨੁਸਾਰ ਹੈ ਤੇ ਰਾਏ ਨਾਲ ਕਮੇਟੀ ਸਹਿਮਤ ਹੋਈ ਜਿਸ ਲਈ ਕਾਫੀ ਘੋਲ ਕਰਨਾ ਪਿਆ। ਇਸ ਪਹਿਲੀ ਅਕਤੂਬਰ ਦੀ ਸੁਣਵਾਈ ਵਿਚ ਅਸੀਂ ਰਾਏ ਦਿਤੀ ਕਿ ਦਾਦੇ ਦਾਦੀ ਤੋਂ ਪੋਤੇ ਪੋਤਰੀ ਤੱਕ ਰਿਸ਼ਤੇ ਸਾਬਤ ਕਰਨੇ ਔਖੇ ਹਨ ਤੇ ਹੋ ਸਕਦਾ ਤੁਹਾਡੀ ਮਰਜ਼ੀ ਦੇ ਕਾਗਜ਼ ਹੀ ਨਾਂ ਹੋਣ ਅਤੇ ਨਾਲ ਹੀ ਇਹ ਤਾਂ ਫਿਰ ਪੁਲਸ ਸਟੇਟ ਵਰਗੀ ਗੱਲ ਹੈ। ਅਤੇ ਨਾਲ ਹੀ ਜਦੋਂ ਮਰਜ਼ੀ ਹੋਵੇ ਤੁਹਾਡੇ ਅਧਿਕਾਰੀ ਜਾ ਕੇ ਸੁਈਟ ਨੂੰ ਅੰਦਰੋਂ ਵੇਖਣ ਤੁਰ ਪੈਣ — ਇਹ ਸਹਿਣ ਨਹੀਂ ਹੋਵੇਗਾ। ਤਾਂ ਕੌਂਸਲ ਦੀ ਹਾਊਜ਼ਿੰਗ ਕਮੇਟੀ ਤੇ ਸਿਟੀ ਅਧਿਕਾਰੀਆਂ ਨੇ ਯਕੀਨ ਦੁਆਇਆ ਕਿ ਇਉਂ ਨਾ ਹੁੰਦਾ ਹੈ ਅਤੇ ਨਾ ਹੀ ਹੋਵੇਗਾ। ਜੇ ਮਾਲਕ ਪਰਿਵਾਰਕ ਸੁਈਟ ਲਈ ਆਖਦਾ ਹੈ ਤਾਂ ਸਿਰਫ ਉਹ ਲਿਖ ਕੇ ਦੇ ਦੇਵੇ ਕਿ ਇਹ ਸੁਈਟ ਮੇਰੇ ਮਾਂ ਬਾਪ, ਬਾਬਾ ਦਾਦੀ ਜਾਂ ਪੁਤਰ ਆਦਿ ਲਈ ਹੈ, ਕਿਰਾਏ ਲਈ ਨਹੀਂ ਤਾਂ ਸਿਟੀ ਮੰਨੇਗੀ। ਪਰ ਜੇ ਪਿਛੋਂ ਝੂਠ ਸਾਬਤ ਹੋਵੇ ਤਾਂ ਫਿਰ ਜ਼ੁਰਮਾਨਾ। ਉਸ ਰਿਸ਼ਤੇ ਦੇ ਹਲਫੀਆ ਬਿਆਨ ਨਾਲ ਜ਼ਮਾਨਤ ਨਾਮਾ ਜੋ ਕੋਈ ਭੀ ਰਕਮ (ਜੋ ਬਦਲੀ ਜਾ ਸਕਦੀ ਹੈ — ਪੰਜ ਹਜ਼ਾਰ ਤੋਂ ਘਟਾ ਕੇ) ਹੋਵੇਗੀ। ਉਹਨਾਂ ਇਹ ਭੀ ਸਪਸ਼ਟ ਕੀਤਾ ਕਿ ਨਵੇਂ ਘਰਾਂ ਨੂੰ ਭੀ ਬਣਨ ਪਿਛੋਂ ਤਿੰਨ ਮਹੀਨੇ ਦੇ ਅੰਦਰ ਦੇਖਣ ਜਾਂਦੇ ਹਾਂ ਅਤੇ ਇਹ ਹੀ ਰੂਲ ਦਿੱਤੀ ਇਜਾਜ਼ਤ ਵਾਲੇ ਸੁਈਟ ਲਈ ਹੋਵੇਗਾ। ਐਵੇਂ ਉਠ ਕੇ ਇਨਸਪੈਕਸ਼ਨ ਲਈ ਕੋਈ ਗੱਲ ਨਹੀਂ ਹੋਵੇਗੀ। ਫਿਰ ਅਸੀਂ ਇਹ ਭੀ ਆਖਿਆ ਕਿ ਇਹ ਸੁਈਟ ਨੂੰ ਬੰਦ ਕਰਨ ਤੇ ਲਾਸੰਸ (ਪਰਮਿਟ) ਵਾਪਸ ਲੈਣ ਦੀ ਗੱਲ ਭੀ ਧੱਕੇਸ਼ਾਹੀ ਅਤੇ ਡਿਕਟੇਟਰੀ ਹੈ। ਤਾਂ ਇਸ ਦੇ ਜਵਾਬ ਵਿਚ ਉਹਨਾਂ ਨੇ ਕਿਹਾ ਕਿ ਇਸ ਸੰਬੰਧ ਵਿਚ ਅਗੇ ਹੀ ਢੰਗ ਤਰੀਕੇ ਹਨ ਭਾਵ ਕਿ ਕਿਸੇ ਦੀ ਸ਼ਿਕਾਇਤ ਉਪਰ ਬੰਦ ਨਹੀਂ ਕੀਤਾ ਜਾਵੇਗਾ। ਨਾਲ ਹੀ ਸ਼ਿਕਾਇਤ ਭੀ ਉਹ ਹੋਵੇ ਕਿ ਆਂਢ ਗੁਆਂਢ ਦਾ ਨੱਕ ਵਿਚ ਦਮ ਕਰ ਦਿੱਤਾ ਹੈ ਜਾਂ ਲਗਾਤਾਰ ਜੀਵਨ ਭੰਗ ਹੁੰਦਾ ਜਾਂ ਦੰਗਾ ਫਸਾਦ। ਪਰ ਫਿਰ ਭੀ ਸ਼ਕਾਇਤ ਹੋਣ ਤੇ, ਸੁਈਟ ਵਾਲੇ ਘਰ ਵਾਲੇ ਨੂੰ ਸਿਟੀ ਵਿਚ ਸੱਦ ਕੇ ਆਪਣਾ ਪੱਖ ਦੱਸਣ ਤੇ ਸਫਾਈ ਪੇਸ਼ ਕਰਨ ਦਾ ਹੱਕ ਹੈ। "ਸੋ ਅਸੀਂ ਧੱਕੇਸ਼ਾਹੀ ਨਹੀਂ ਕਰਦੇ। ਅਸੀਂ ਭੀ ਇਨਸਾਨ ਹਾਂ।" ਫਿਰ ਅਸੀਂ ਆਖਿਆ ਕਿ ਇਹ ਜ਼ਮਾਨਤ ਨਾਮਾ ਤੇ ਜ਼ੁਰਮਾਨਾ ਭੀ ਬਹੁਤ ਸਖਤ ਤੇ ਜ਼ਿਆਦਾ ਹੈ ਅਤੇ ਗਲਤ ਢੰਗ ਹੈ। ਜੋ ਨਹੀਂ ਚਾਹੀਦੇ। ਉਹਨਾਂ ਜਵਾਬ ਦਿੱਤਾ ਕਿ ਜੇ ਸੁਈਟ ਪਰਿਵਾਰ ਲਈ ਹੈ

ਬਾਕੀ ਸਫ਼ਾ 26 ਉਤੇ


# MODREN PARTY RENTAL

4359 Fraser St., Vancouver, B.C.

- ਵਿਆਹ ਸ਼ਾਦੀਆਂ ਅਤੇ ਪਾਰਟੀਆਂ ਲਈ ਹਰ ਤਰ੍ਹਾਂ ਦੇ ਬਰਤਨ ਕਿਰਾਏ ਉਪਰ ਸਾਡੇ ਕੋਲੋਂ ਲੈਣ ਲਈ

**879-6471** ਉਪਰ ਫੂਨ ਕਰੋ

- ਫੁੱਲਾਂ ਅਤੇ ਨੈਪਕਿੰਨਜ਼ ਤੱਕ ਹਰ ਤਰ੍ਹਾਂ ਦਾ ਸਾਮਾਨ ਬਹੁਤ ਹੀ ਬਾਜਵ ਕਿਰਾਏ ਉਪਰ ਮਿਲਦਾ ਹੈ।
- ਹਰ ਕਿਸਮ ਦੀ ਸੁਆਦੀ ਅਤੇ ਭਾਂਤ ਭਾਂਤ ਦੇ ਖਾਣੇ, ਵੱਡੀ ਤੋਂ ਵੱਡੀ ਪਾਰਟੀ ਲਈ ਤਿਆਰ ਕਰਨ ਲਈ ਅਤੇ ਵਰਤਾਉਣ ਲਈ, ਬੀ. ਸੀ. ਭਰ ਵਿਚ ਮਸ਼ਹੂਰ ਅਤੇ ਲੋਇਰਮੇਨ ਲੈਂਡ ਵਿਚ ਤੁਹਾਡਾ ਆਪਣਾ ਰੈਸਟੋਰੈਂਟ ਸੇਵਾ ਲਈ ਹਾਜ਼ਰ ਹੈ : ਤੁਹਾਡਾ ਮਨ ਪਸੰਦ :

## ਮੋਤੀ ਮਹਿਲ ਰੈਸਟੋਰੈਂਟ

**6540 Main St., Vancouver, B.C.** **Ph. 321-3223**

2nd class Mail Reg. No. 6794

Monthly Magazine

The

**Lokta**

P.O.Box 67534 STN.'O'

VANCOUVER, B.C. V5W 3T9




# SHAN SAREES & DRAPERY LTD.

ਪੰਜਾਬੀ ਮਾਰਕਿਟ ਵਿੱਚ ਆਉਣ ਸਮੇਂ ਹੋਰ ਥਾਂਗੀਆਂ ਗਈਆਂ ਕੀਮਤਾਂ ਤੇ ਨਵੇਂ ਪੁੱਜੇ ਮਾਲ ਨੂੰ ਦੇਖੇ ਬਗੈਰ ਨਾ ਜਾਓ!!!

ਪੰਜਾਬੀ ਮਾਰਕੀਟ ਵਿਚ

ਸੂਟ - ਸਾੜ੍ਹੀਆਂ ਅਤੇ ਵਧੀਆ ਪਰਦੇ ਬਣਵਾਉਣ ਲਈ ਇਕ ਭਰੋਸੇਯੋਗ ਸਟੋਰ

ਪਰਦਿਆਂ ਅਤੇ ਡਰੇਪਰੀ ਟਰੈਕ ਦੇ ਲਗਵਾਣ ਦੇ ਮੁਫਤ ਐਸਟੀਮੇਟ ਲਈ ਅਸੀਂ ਹਮੇਸ਼ਾ ਹਾਜ਼ਰ ਹਾਂ

ਪਰਦਿਆਂ ਦੇ ਕੱਪੜਿਆਂ 'ਤੇ ਹਮੇਸ਼ਾਂ ਹੀ ਕੁਝ ਨਾ ਕੁਝ ਜ਼ਰੂਰ OFF ਮਿਲਦਾ ਹੈ।

ਕੋਈ ਵੀ ਚੀਜ਼ ਖ਼੍ਰੀਦਣ ਤੋਂ ਪਹਿਲਾਂ ਸਾਡੀਆਂ ਕੀਮਤਾਂ ਨੂੰ ਚੈਕ ਜ਼ਰੂਰ ਕਰੋ ਤੁਹਾਨੂੰ ਜੀ ਆਇਆਂ ਅਤੇ ਚੰਗੀ ਸਰਵਿਸ ਦੇਣ ਲਈ ਸਾਡਾ ਸਟਾਫ ਹਮੇਸ਼ਾ ਖੁਸ਼ੀ ਮਹਿਸੂਸ ਕਰੇਗਾ।

## ਸ਼ਾਨ ਸਾੜ੍ਹੀਜ਼ ਐਂਡ ਡਰੇਪਰੀ ਲਿਮਿ:

**6543 MAIN ST. [BETWEEN 49TH. & 50TH.]**
**VANCOUVER, PH: 321-1955. 321-0847**